# ਵਰਿਆਮ

ਮਈ ੧੯੮੪

੧/੫੦



Sri Satguru Jagjit Singh Ji Elibrary NamdhariElibrary@gmail.com

ਮਾਸਕ **ਵਰਿਆਮ** ਮਈ ੧੯੯੨

ਜਿਲਦ ਨੰ: ੭ ਅੰਕ ਨੰ: ੭

ਸੰਪਾਦਕ । ਜਗਦੀਸ਼ ਸਿੰਘ

ਮੁਖ ਪੰਨਾ : ਦਰਗਾਹ ਹਜ਼ਰਤ ਮੀਆਂ ਮੀਰ ਲਾਹੌਰ

ਮੁਲ ਪ੍ਰਤੀ ਕਾਪੀ । ੧-੫੦ ਰਪਿਆ

ਸਾਲਾਨਾ ਚੰਦਾ ਦੇਸ : ੧੫ ਰੁਪਏ

„ „ ਵਿਦੇਸ਼ : ੪੦ ਰੁਪਏ (ਸਮੁੰਦਰੀ ਡਾਕ ਰਾਹੀਂ

„ „ ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)

ਲਾਈਫ ਮੈਂਬਰਸ਼ਿਪ । ੩੦੦ ਰੁਪਏ ਕੇਵਲ ਦੇਸ ਵਿਚ

| | |
|---|---|
| ਦਫਤਰ ਦਾ ਪਤਾ : | Office Address |
| ਮਾਸਕ ਵਰਿਆਮ, | Monthly WARIAM |
| ਲਾਡੋਵਾਲੀ ਰੋਡ | (Punjabi) |
| ਜਲੰਧਰ—੧੪੪੦੦੧. | Ladowali Road |
| ਫੋਨ । ੭੨੫੦੪ ਪੀ. ਪੀ | Jalandhar-144001 |
| | Phone : 72504 PP |


## ਵਰਿਆਮ ਸਕਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*GOLDEN HOLIDAYS*

*For You*

*To Thailand, Malayasia, Singapore, Hongkong, Japan, Europe & U.S.A.*

*Memorable Holidays*

*You Dream..................We Plan*

*We assist in Passports, Visas, Reservations, Air Tickets, Internationa & Domestic, Hotels & Car Hire.*

*TRAVEL WITHOUT WORRY*

*IS A*

*WAY WITH US*

*for all your Travel & Tour needs*

*Contat :*

**KWICK TRAVELS PVT. LTD.**

2108, Desh Bandhu Gupta Road,
Karol Bagh, New Delhi-110005.
Phone : 562588, 569206.
Cable : KWICKAIR.



Sri Satguru Jagjit Singh Ji Elibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ

ਹੋਲਾ ਮਹੱਲਾ ਗੋਲਾ ਗੋਕਰਨ ਨਾਥ ਵਿਖੇ ਕੀਰਤਨ ਵਿਚ ਦਿਲਰੁਬਾ ਵਾਦਨ ਕਰਦੇ ਹੋਏ

(ਫੋਟੋ ਹਰਭਜਨ ਬਾਜਵਾ)

ਫਰਿਆਮ

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCRETE MIXER 7/5

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory : 501973
Resi. : 50 454

# BALWANT SINGH & SONS

Office : 4E/11 JHANDEWALA EXTN. NEW DELHI-110055

Factory : A 2/3, MAYA PURI, PHASE II Opp. C-70 NEW DELHI-110064

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 250345
Resi. : 213054

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

2/2068 CHAH ANDARA

(Behind Jubilee Cinema)

CHANDNI CHOWK, DELHI-110006



Sri Satguru Jagjit Singh Ji Elibrary NamdhariElibrary@gmail.com

# JANTA

## HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain













JEW

**JANTA ENGINEERING WORKS**

G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)




Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE



Sri Satguru Jagjit Singh Ji Elibrary NamdhariElibrary@gmail.com

FOR BEST QUALITY & PERFORMANCE
Ask for
JAYSON PRODUCTS



- ELECTRIC MOTORS
- GRINDERS
- POLISHERS
- EXHAUST FANS

Show Room :
**Jayson Sales Corpn.**
3832/10 Shardha Nand Marg
(G. B. Road)
Behind M. C. Primary School
DELHI-110006.
Phone : 525795

Manufacturers
**Jayson Electric Company**
Factory :
WH-2, PHASE 1
Industrial Area,
Sat Guru Ram Singh Marg
Maya Puri, NEW DELHI-110064
Phone : 594536

Sister concern :
**Jayson Enterprises**
WH-4, Phase 1
Industrial Area,
SatGuru Ram Singh Marg,
Maya Puri, NEW DELHI-110064.

REPUTED MANUFACTURERS OF :

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER    Phone : 3805

**MODERN GUN WORKS**

Opp. Industrial Estate,

JAMMU CANTT.



Sri Satguru Jagjit Singh Ji Elibrary    NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

AMBER FOODS

Amber pet HYDERABAD

(A.P.)



Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT



High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED.



DEPARTMENT OF AGRICULTURE
QUALITY
MARK
PUNJAB GOVT.

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ ।

TRADE **JASPAL** MARK

Grams : HABI INDUSTRIES — Phone : 2737

# *HABI INDUSTRIES (Regd.)*

10, Industrial Area,
PHAGWARA—144401.



Sri Satguru Jagjit Singh Ji Elibrary NamdhariElibrary@gmail.com



## ਕੁਸ਼ਤੀ ਚੈਂਪੀਅਨ

ਪਿਛਲੇ ਦਿਨੀਂ ਜਲੰਧਰ ਵਿਚ ਪੰਜਾਬ ਮਿਨੀ ਕੁਸ਼ਤੀ ਮੁਕਾਬਲੇ ਹੋਏ । ਤਸਵੀਰ ਵਿਚ ੫੧ ਕਿਲੋ ਦੇ ਵਜ਼ਨ ਵਿਚ ਜੇਤੂ ੧੬ ਸਾਲਾ ਇੰਦਰਜੀਤ ਸਿੰਘ ਸ: ਕ. ਸ. ਮਿਨਹਾਸ, ਪ੍ਰਧਾਨ ਪੰਜਾਬ ਕੁਸ਼ਤੀ ਐਸੋਸੀਏਸ਼ਨ ਪਾਸੋਂ ਇਨਾਮ ਪ੍ਰਾਪਤ ਕਰ ਰਿਹਾ ਹੈ । ਜਲੰਧਰ ਦੇ ਸੀਨੀਅਰ ਸਪੋਰਟਸ ਅਫਸਰ ਸ੍ਰੀ ਸ. ਸ. ਬੈਂਸ ਵੀ ਪਿਛੇ ਖੜੇ ਹਨ। ਜੇਤੂ ਪਹਿਲਵਾਨ ਇੰਦਰਜੀਤ ਸਿੰਘ, ਪਹਿਲਵਾਨ ਮੇਲਾ ਰਾਮ ਦਾ ਪੱਠਾ ਹੈ ਅਤੇ ਕੋਚ ਸ: ਗੁਰਮੇਲ ਸਿੰਘ ਹਨ ।


With Best compliments from :-

**NAMDHARI BROTHERS**

Prop. S. AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE. P. S G. ELECTRIC MOTORS ELECTRICAL APPLIANCES. STAINLESS STEEL PARTS, PRESSURE COOKERS, AND AGRICULTURAL IMPLIMENTS

WITH BEST COMPLIMENTS FROM :

***New Namdhari Cloth House***

WHOLE SALE CLOTH DEALERS

*Main Bazar, DALTONGANJ (Bihar)*


Sri Satguru Jagjit Singh Ji Elibrary NamdhariElibrary@gmail.com

ਮਖ ਪੰਨੇ ਦਾ ਚਿਤ੍ਰ

# ਮੀਆਂ ਮੀਰ ਦੀ ਦਰਗਾਹ ਤੇ

—ਜਗਤਾਰ

ਦਿਲ 'ਚ ਹਸਰਤ ਚਿਰੋਕੀ
ਜ਼ਿੰਦਗੀ ਵਿਚ ਮੈਂ ਕਦੇ ਦਹਿਲੀਜ਼ ਚੁੰਮਾਂ
ਜਾਕੇ ਮੀਆਂ ਮੀਰ ਦੀ।
ਕੁਝ ਹੀ ਦਿਨ ਹੋਏ ਮੈਂ ਡਿੱਠੀ
ਓਸ ਦੀ ਦਰਗਾਹ ਜਾਕੇ
ਸੀ ਕਬੂਤਰ ਹੀ ਕਬੂਤਰ ਉਸਦੇ ਅੰਗਣ
ਲੋਕ ਪਾਕੇ ਮੁਠ ਕੁ ਭਰ ਚੋਗਾ ਉਨ੍ਹਾਂ ਨੂੰ
ਉਮਰ ਭਰ ਦੀ ਚੋਗ ਮੰਗਣ।
ਕਰਕੇ ਸਜਦਾ ਚੁੰਮ ਕੇ ਦਹਿਲੀਜ਼ ਉਸਦੀ
ਓਸ ਨੇ ਬੁਨਿਆਦ ਜੋ ਰੱਖੀ ਸੀ ਉਸ ਦੀ ਖੈਰ ਮੰਗ ਕੇ
ਪਰਤ ਕੇ ਮੈਂ ਫਰਸ਼ ਉੱਤੇ ਬਹਿ ਗਿਆ।
ਅਪਣੇ ਅਪਣੇ ਲਈ ਦੁਆਵਾਂ ਕਰ ਰਹੇ
ਲੋਕਾਂ 'ਚੋਂ ਲੰਘ ਕੇ।
ਇਕ ਮੁਸਲਮਾਨੀ ਨੇ ਮੇਰਾ ਚੁੰਮ ਕੇ ਮੱਥਾ ਕਿਹਾ
"ਇਸ ਜਨਮ ਵਿਚ ਮੇਰਾ ਕੋਈ ਪੁੱਤਰ ਨਹੀਂ
ਪਰ ਇਉਂ ਲਗਦੈ ਜਿਵੇਂ
ਪਿਛਲੇ ਜਨਮ ਅੰਦਰ ਗੁਆਚਾ
ਮੇਰਾ ਪੁੱਤਰ ਮਿਲ ਗਿਆ।"
ਮੈਂ ਕਿਹਾ,
"ਮੇਰੇ ਵੀ ਧੀਆਂ ਹੀ ਨੇ।"
ਪੁੱਤਰਾ ਰਬ ਦੀ ਰਜ਼ਾ
ਕਲ ਤੋਂ ਮੈਂ ਦਰਬਾਰ ਆਕੇ
ਤੇਰੇ ਲਈ ਕਰਸਾਂ ਦੁਆ।"
ਉਸਦੀਆਂ ਅੱਖਾਂ 'ਚ ਇਹ ਕਹਿਕੇ
ਸਲਾਭਾ ਆ ਗਿਆ।
ਮੇਰੀਆਂ ਅੱਖਾਂ ਦੇ ਸਾਵ੍ਹੇਂ
ਫੈਲ ਗਈ ਲਛਮਣ-ਲਕੀਰ
ਫੇਰ ਉਸ ਬੁਨਿਆਦ ਦੀ ਮੈਂ ਖ਼ੈਰ ਮੰਗੀ
ਜੋ ਕਦੀ ਰੱਖੀ ਸੀ
ਉਸ ਪੀਰਾਂ ਦੇ ਪੀਰ।



Sri Satguru Jagjit Singh Ji Elibrary NamdhariElibrary@gmail.com

ਸੰਪਾਦਕੀ

# ਪੰਜਾਬ ਫੂਕਣ ਦੇ ਜਤਨ

ਪੰਜਾਬ ਨੂੰ ਸਾੜਣ ਦੇ ਜਤਨ ਹੋ ਰਹੇ ਹਨ। ਨਿੱਤ ਨਵੀਂ ਚੁਆਤੀ ਲਾਈ ਜਾ ਰਹੀ ਹੈ। ਇਤਿਹਾਸ ਵਿਚ ਪਹਿਲੀ ਵਾਰ ਹਿੰਦੂਆਂ ਅਤੇ ਸਿੱਖਾਂ ਵਿਚ ਸਿਖਰ ਦੀ ਨਫਰਤ ਪੈਦਾ ਕੀਤੀ ਜਾ ਰਹੀ ਹੈ। ਇਹ ਇਵੇਂ ਹੀ ਹੈ ਜਿਵੇਂ ਸੱਜੀ ਅੱਖ ਨੂੰ ਖੱਬੀ ਵਿਰੁਧ ਲੜਾਇਆ ਜਾਵੇ। ਅੱਜ "ਤੇਰੇ ਭਾਣੇ ਸਰਬਤ ਕਾ ਭਲਾ" ਦੀ ਰੋਜ਼ਾਨਾ ਅਰਦਾਸ ਕਰਨ ਵਾਲੇ ਗੁਰਦੁਆਰੇ ਅਤੇ "ਓਮ ਸ਼ਾਂਤੀ ਸ਼ਾਂਤੀ" ਦੀ ਕਾਮਨਾ ਕਰਨ ਵਾਲੇ ਮੰਦਰ ਇਕ ਦੂਜੇ ਦੇ ਵਿਰੁਧ ਖੜੇ ਹਨ। ਮੰਦਰਾਂ ਅਤੇ ਗੁਰਦੁਆਰਿਆ ਦੀ ਪਵਿਤਰਤਾ ਅਤੇ ਮਾਨ ਮਰਿਯਾਦਾ ਧਰਮ ਦੇ ਦਾਅਵੇਦਾਰਾਂ ਹਥੋਂ ਪਲੀਤ ਹੋ ਰਹੀ ਹੈ।

ਪੁਰਾਨਿਕ ਸਮਿਆਂ ਵਿਚ ਦੇਵਤੇ ਲੋਕ ਯੱਗ ਆਦਿ ਪਵਿੱਤਰ ਕਰਮ ਕਰਦੇ ਸਨ ਅਤੇ ਅਸੁਰ ਲੋਕ ਉਹਨਾਂ ਵਿਚ ਵਿਘਨ ਪਾਉਂਦੇ ਸਨ ਮਾਸ ਅਤੇ ਹੋਰ ਅਪਵਿਤਰ ਚੀਜ਼ਾਂ ਸੁਟਦੇ ਸਨ।

ਅੱਜ ਵੀ ਜਿਨ੍ਹਾਂ ਲੋਕਾਂ ਨੇ ਮੰਦਰਾਂ ਅਗੇ ਗਊ ਦੇ ਸਿਰ ਸੁੱਟੇ ਹਨ, ਮਾਸ ਦੇ ਟੁਕੜੇ ਸੁਟੇ ਹਨ ਜਾਂ ਸੁਟਵਾਏ ਹਨ ਉਹ ਨਾ ਸਿੱਖ ਹਨ ਨਾ ਖਾਲਸਾ ਹਨ। ਉਹ ਅਸੁਰ ਹਨ ਰਾਖਸ਼ਿਸ ਹਨ।

ਇਸੇ ਤਰ੍ਹਾਂ ਜਿਨ੍ਹਾਂ ਨੇ ਗੁਰਦੁਆਰਿਆਂ ਵਿਚ ਸਿਗਰਟਾਂ ਸੁੱਟੀਆਂ ਹਨ ਉਹ ਨਾ ਹੀ ਰਾਮ ਦੇ ਭਗਤ ਹਨ, ਨਾ ਕ੍ਰਿਸ਼ਨ ਜੀ ਦੇ ਉਹ ਵੀ ਸ਼ੈਤਾਨ ਦੇ ਭਗਤ ਹਨ। ਅਸੁਰ ਹਨ ਰਾਖਸ਼ਿਸ ਹਨ।

ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ :

ਸਾਧ ਕਰਮ ਜੇ ਪੁਰਖ ਕਮਾਵੈ ॥
ਨਾਮ ਦੇਵਤਾ ਜਗਤ ਕਹਾਵੈ ॥
ਕੁਕ੍ਰਿਤ ਕਰਮ ਜੇ ਜਗ ਮੈ ਕਰਹੀ
ਨਾਮ ਅਸੁਰ ਤਿਨ ਕੋ ਸਭ ਧਰਹੀ ॥ (ਸ੍ਰੀ ਦਸਮ ਗ੍ਰੰਥ ਪੰਨਾ ੪੮)

੨੬ ਅਪਰੈਲ ਨੂੰ ਇਹਨਾਂ ਅਸੁਰਾਂ ਨੇ ਅੰਮ੍ਰਿਤਸਰ ਦੇ ਸ਼ਿਵ ਮੰਦਰਾਂ ਵਿਚ ਗਊਆਂ ਦੇ ਸਿਰ ਸੁੱਟ ਕੇ ਮੰਦਰਾਂ ਦੀ ਪਵਿੱਤਰਤਾ ਭੰਗ ਕੀਤੀ। ਇਹਨਾਂ ਮੰਦਰਾਂ ਅਤੇ ਕਰੋੜਾਂ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਅਪਮਾਨ ਕੀਤਾ। ਪਰ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਤਾਂ ਉਸ ਦਿਨ ਹੀ ਭੰਗ ਹੋ ਗਈ ਸੀ ਜਿਸ ਦਿਨ ਇਹਨਾਂ ਇਹ ਕੁਕ੍ਰਿਤ ਕਰਨ ਦਾ ਸੰਕਲਪ ਕੀਤਾ ਸੀ। ਇਹ ਅਪਮਾਨ ਤਾਂ ਉਸ ਦਿਨ ਹੀ ਹੋ ਗਿਆ ਸੀ ਜਿਸ ਦਿਨ ਅਖਬਾਰਾਂ ਦੇ ਨੁਮਾਇੰਦਿਆਂ ਸਾਹਮਣੇ ੧੬ ਮਾਰਚ, ੧੯੮੨ ਨੂੰ ਇਹਨਾਂ ਨੇ ਗਊਆਂ ਮਾਰਨ ਦਾ ਐਲਾਨ ਕੀਤਾ ਸੀ।

ਹਾਲਾਤ ਦੀ ਸਿਤਮ ਜ਼ਰੀਫੀ ਦੇਖੋ ਜਿਸ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੇ ਅਵਤਾਰ ਧਾਰਨ ਦਾ ਇਕ ਕਾਰਨ ਗਊ ਗਰੀਬ ਦੀ ਰਖਿਆ ਕਰਕੇ ਪਾਪ ਨੂੰ ਦੂਰ ਕਰਨਾ ਸੀ,

(ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ। (ਭਾਈ ਗੁਰਦਾਸ)
ਅਤੇ
ਗੋ ਗਰੀਬ ਕੋ ਬਧ ਕਰ ਸੁਟੈਂ...
(ਪੰਥ ਪ੍ਰਕਾਸ਼ ਅਧਯਾਯ ੩))

ਜਿਸ ਖਾਲਸਾ ਦੇ. ਜਨਮ ਦਾਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਅਗੇ ਇਕ ਖ਼ਾਸ ਬੇਨਤੀ ਕੀਤੀ ਸੀ :

—ਯਹੀ ਬੇਨਤੀ ਖਾਸ ਹਮਰੀ ਸੁਣੀਜੈ ॥
—ਅਸੁਰ ਮਾਰ ਕਰ ਰੱਛ ਗਊਅਨ ਕਰੀਜੈ ॥
—ਯਹੀ ਆਸ ਪੂਰਨ ਕਰਹੁ ਤੁਮ ਹਮਾਰੀ,
ਮਿਟੈਂ ਕਸਟ ਗਊਅਨ ਛੁਟੈ ਖੇਦ ਭਾਰੀ ॥

ਅਤੇ ਇਹ ਆਗਿਆ ਮੰਗੀ ਸੀ :

ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ ॥
ਗਊਘਾਤ ਕਾ ਦੋਖ ਜਗ ਸਿਉਂ ਮਟਾਊਂ। (ਉਗ੍ਰਦੰਤੀ)

Sri Satguru Jagjit Singh Ji Elibrary NamdhariElibrary@gmail.com

ਉਸ ਗੁਰੂ ਨਾਨਕ ਦੇ ਨਾਮ ਲੇਵਾ ਕਹਾਉਣ ਵਾਲੇ, ਉਸ ਗੁਰੂ ਗੋਬਿੰਦ ਸਿੰਘ ਦੇ ਸਰੂਪਧਾਰੀ ਹੋਣ ਦਾ ਦਾਅਵਾ ਕਰਨ ਵਾਲੇ, ਉਸ ਗੁਰੂ ਵਲੋਂ ਬਖਸ਼ੇ ਅੰਮ੍ਰਿਤ ਦੇ ਧਾਰਨੀ ਇਹ ਸੰਕਲਪ ਕਰਦੇ ਹਨ ਕਿ ਓਹ ਬੇ-ਜ਼ਬਾਨ ਗਊਆਂ ਦੀ ਹਤਿਆ ਕਰਨਗੇ।

ਅਤੇ ਜਿਸ ਦਰਬਾਰ ਸਾਹਿਬ ਦੀ ਪਵਿੱਤਰਤਾ ਕਾਇਮ ਰਖਣ ਲਈ ਅੰਗਰੇਜ਼ ਨੇ ਪੰਜਾਬ ਤੇ ਕਬਜ਼ਾ ਕਰਦਿਆਂ ਤਾਂਬੇ ਦੀ ਪਟੀ ਤੇ ਇਹ ਲਿਖ ਕੇ ਲਾਇਆ ਸੀ :

Kine is not to be killed at Amritsar. ਅੰਮ੍ਰਿਤਸਰ ਵਿਚ ਗਊਆਂ ਨਹੀਂ ਮਾਰੀਆਂ ਜਾਣਗੀਆਂ।

(ਇਹ ਪਲੇਟ ਅਜੇ ਵੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਿਚ ਹੈ— ਭਾਈ ਨਾਹਰ ਸਿੰਘ ਅਨੁਸਾਰ)

ਅਤੇ ਜਦੋਂ ਅੰਮ੍ਰਿਤਸਰ ਵਿਚ ਅੰਗਰੇਜ਼ਾਂ ਨੇ ਬੁੱਚੜਖਾਨਾ ਖੋਲਿਆ ਤਾਂ ਸਿੱਖਾਂ ਨੇ ਇਸ ਨੂੰ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲਾ ਕਾਰਾ ਦਸਿਆ। ਭਾਈ ਦੇਵਾ ਸਿੰਘ ਨੇ ਪ੍ਰਕਰਮਾ ਵਿਚੋਂ ਗਊ ਦੀ ਹੱਡੀ ਚੁੱਕ ਕੇ ਜਾ ਸ੍ਰੀ ਗ੍ਰੰਥ ਸਾਹਿਬ ਸਾਹਮਣੇ ਰੱਖੀ (ਇਹ ਹੱਡੀ ਕਿਸੇ ਜਾਨਵਰ ਦੇ ਮੂੰਹ ਚੋਂ ਡਿੱਗੀ ਸੀ)। ਅੰਮ੍ਰਿਤਸਰ ਦਰਬਾਰ ਸਾਹਿਬ ਦੀ ਪਵਿੱਤਰਤਾ ਵਾਸਤੇ ਪਹਿਲਾਂ ਗਊ ਹੱਤਿਆ ਵਿਰੋਧੀ ਭਾਰੀ ਐਜੀਟੇਸ਼ਨ ਚਲੀ ਫੇਰ ਸਿੱਖਾਂ ਨੇ ਬੁੱਚੜਖਾਨਿਆਂ ਤੇ ਹਮਲੇ ਕੀਤੇ ਬੁੱਚੜ ਮਾਰੇ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਓਸ ਦਰਬਾਰ ਸਾਹਿਬ ਦੀ ਹਦੂਦ ਅੰਦਰ ਪ੍ਰੈਸ ਕਾਨਫਰੰਸ ਲਾ ਕੇ ਐਲਾਨ ਹੁੰਦਾ ਹੈ ਕਿ ਗਊਆਂ ਮਾਰੀਆਂ ਜਾਣਗੀਆਂ ਅਤੇ ਇਸ ਦੀ ਰਿਪੋਰਟਿੰਗ ਸਿੱਖ ਅਖਬਾਰਾਂ ਕਰਦੀਆਂ ਹਨ।

ਪਸ਼ੂਆਂ ਦੇ ਕਿਰਦਾਰ ਅਤੇ ਆਦਮੀ ਦੇ ਚਲਨ ਦਾ ਮੁਕਾਬਲਾ ਗੁਰਬਾਣੀ ਕਰਦੀ ਹੈ।

ਪਸੂ ਮਿਲਹਿ ਚੰਗਿਆਈਆ, ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ, ਧ੍ਰਿਗੁ ਜੀਵਣ ਕਰਮ ਕਰੇਹਿ ॥ ੩ ॥

ਰਾਗ ਗੂਜਰੀ ਮਹਲਾ ੧ ॥

ਇਸ ਦੁਰਘਟਨਾ ਦੀ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਹੋਰ ਸਿੱਖ ਲੀਡਰਾਂ ਨੇ ਨਖੇਧੀ ਕੀਤੀ ਹੈ ਅਤੇ ਇਹ ਗੱਲ ਤਸੱਲੀ ਵਾਲੀ ਹੈ ਪਰ ਚੰਗਾ ਹੁੰਦਾ ਜਦੋਂ ਇਸ ਮੰਦ-ਭਾਵਨਾ ਦਾ ਐਲਾਨ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਅੰਦਰੋਂ ਹੋਇਆ ਸੀ ਓਦੋਂ ਹੀ ਉਸ ਦਾ ਖੰਡਨ ਕਰਦੇ, ਨਖੇਧੀ ਕਰਦੇ। ਪਰ ਸਿਆਸੀ ਤਕਾਜ਼ੇ ਧਾਰਮਕ ਫਰਜ਼ਾਂ ਤੋਂ ਸਦਾ ਹੀ ਤਰਜੀਹ ਲੈ ਜਾਂਦੇ ਹਨ।

ਅਤੇ ਜਿਨ੍ਹਾਂ ਨੇ ਇਸ ਘਟਨਾ ਤੋਂ ਬਾਅਦ ਗੁਰਦੁਆਰਿਆਂ ਨੂੰ ਅੱਗਾਂ ਲਾਈਆਂ ਹਨ, ਸ੍ਰੀ ਗਰੰਥ ਸਾਹਿਬ ਦੇ ਪਤਰੇ ਪਾੜੇ ਹਨ, ਗੁਰਦੁਆਰਿਆ ਵਿਚ ਸਿਗਰਟਾਂ ਰੱਖੀਆਂ ਹਨ ਉਹਨਾਂ ਨੇ 'ਦਲ ਖਾਲਸਾ' ਦੀ ਮਦਦ ਕੀਤੀ ਹੈ। ਜਿਸ ਵੇਲੇ ਸਾਰੇ ਪਾਸਿਆਂ ਤੋਂ ਉਹਨਾਂ ਦੀ ਭੰਡੀ ਹੋ ਰਹੀ ਸੀ ਇਹਨ੍ਹਾਂ ਨੇ ਉਹਨਾਂ ਨੂੰ ਬਲ ਦਿਤਾ ਹੈ। ਉਹ ਅਲੱਗ ਥਲੱਗ ਹੋ ਰਹੇ ਸਨ। ਇਹਨਾਂ ਨੇ ਨਵੇਂ ਕਾਰੇ ਕਰ ਕੇ ਚੰਗੇ ਭਲੇ ਸਿੱਖਾਂ ਦੀਆਂ ਭਾਵਨਾਵਾਂ ਆਪਣੇ ਵਿਰੁਧ ਕਰ ਲਈਆਂ ਹਨ। ਜਿਵੇਂ ਮੰਦਰਾਂ ਦੀ ਬੇਹੁਰਮਤੀ ਨਿੰਦਣਯੋਗ ਹੈ ਤਿਵੇਂ ਹੀ ਗੁਰਦੁਆਰਿਆਂ ਦਾ ਅਪਮਾਨ ਕਰਨ ਵਾਲੇ ਵੀ ਘੋਰ ਪਾਪੀ ਹਨ ਅਤੇ ਤ੍ਰਿਸਕਾਰ ਦੇ ਪਾਤਰ ਹਨ। ਮੰਦਰ ਅਤੇ ਗੁਰਦੁਆਰੇ ਸਾਂਝੇ ਹਨ। ਗੁਰੂ ਗੋਬਿੰਦ ਸਿੰਘ ਤਾਂ ਦੇਹੁਰਾ ਮਸੀਤ ਸੋਈ ਕਹਿੰਦੇ ਹਨ ਅਤੇ ਇਥੇ ਮੰਦਰਾਂ ਗੁਰਦੁਆਰਿਆਂ ਵਿਚ ਪਾੜ ਪਾਇਆ ਜਾ ਰਿਹਾ ਹੈ। ਸਿੱਖਾਂ ਦੇ ਮਸ਼ਹੂਰ ਤੀਰਥ ਅਸਥਾਨ ਦਾ ਨਾਮ ਗੁਰਦੁਆਰਾ ਨਹੀਂ ਸਗੋਂ ਮੰਦਰ ਹੈ, 'ਹਰੀਮੰਦਰ ਸਾਹਿਬ'।

ਇਸ ਵੇਲੇ ਅਸੁਰੀ ਸ਼ਕਤੀਆਂ ਸਿੱਖ ਅਤੇ ਹਿੰਦੂਆਂ ਦੇ ਰੂਪ ਵਿਚ ਫਿਰ ਰਹੀਆਂ ਹਨ। ਇਹ ਸਿਆਸੀ ਘੁਣਤਰਬਾਜ਼ਾਂ ਦੇ ਮੋਹਰੇ ਵੀ ਹੋ ਸਕਦੇ ਹਨ, ਬਦੇਸ਼ੀ ਏਜੰਟ ਵੀ ਹੋ ਸਕਦੇ ਹਨ ਅਤੇ ਸਿਰ ਫਿਰੇ ਪਾਗਲ ਵੀ, ਪਰ ਇਹ ਬਹੁਤ ਨੀਚ ਤੋਂ ਨੀਚ ਕਰਮ ਕਰਨ ਦੀ ਸਮਰਥਾ ਰਖਦੇ ਹਨ। ਇਹਨਾਂ ਨੂੰ ਨੱਥ ਪਾਉਣਾ ਸਰਕਾਰ ਦੇ ਵਸ ਦਾ ਰੋਗ ਨਹੀਂ। ਲੋਕਾਂ ਨੂੰ ਇਕ ਤਾਂ ਅਪਣਾ ਸਹਿਜਪੁਣਾ ਤਿਆਗਣਾ ਹੋਵੇਗਾ ਅਤੇ ਰਲਕੇ ਇਸ ਫਿਰਕੂ ਦੈਂਤ ਨੂੰ ਨਕੇਲ ਪਾਉਣੀ ਹੋਵੇਗੀ ਅਤੇ ਨਾਲ ਹੀ ਅਰਦਾਸ ਕਰਨੀ ਹੈ ਕਿ —

ਜਗਤੁ ਜਲੰਦਾ ਰਖਿ ਲੈ, ਆਪਣੀ ਕ੍ਰਿਪਾ ਧਾਰਿ ॥
ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ ॥

—ਜਗਦੀਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਹੋਲਾ ਮਹੱਲਾ

—ਜਗਦੀਸ਼ ਸਿੰਘ

ਇਸ ਵਾਰ ਹੋਲੀਆਂ ਤਾਂ ਜਲਦੀ ਆ ਗਈਆਂ ਪਰ ਸਰਦੀ ਪਛੇਤੀ ਪਈ। ਪਿਛਲੇ ਸਾਲ ਜੋ ਬਰਸਾਤਾਂ ਸੁਕੀਆਂ ਲੰਘੀਆਂ ਸਨ ਉਸ ਦੀ ਕਸਰ ਖੁਸ਼ਕੀ ਦੇ ਮੌਸਮ ਵਿਚ ਨਿਤ ਦੇ ਮੀਂਹ, ਬਰਫਬਾਰੀ ਅਤੇ ਸਰਦੀ ਦੀ ਭਰਮਾਰ ਨਾਲ ਸੀ। ਨਾਮਧਾਰੀ ਸੰਗਤ ਵਲੋਂ ਹੋਲੇ ਮਹੱਲੇ ਦਾ ਸਾਲਾਨਾ ਸਮਾਗਮ ਯੂ. ਪੀ. ਦੇ ਇਕ ਸ਼ਹਿਰ ਗੋਲਾ ਗੋਕਰਨ ਨਾਥ ਜ਼ਿਲਾ ਲਖੀਮਪੁਰੀ ਖੀਰੀ ਵਿਚ ਕੀਤਾ ਗਿਆ।ਮੌਸਮ ਦੀ ਤਾਨਾਸ਼ਾਹੀ ਅਤੇ ਦੂਰ ਦੇ ਪੈਂਡਿਆਂ ਨੇ ਬਹੁਤਿਆਂ ਦੇ ਦਿਲ ਢਾਹ ਦਿਤੇ ਪਰ ਲੁਧਿਆਣਾ ਤੋਂ ਗੋਲਾ ਵਾਸਤੇ ਵਿਸ਼ੇਸ਼ ਸਾਲਮ ਰੇਲ ਗੱਡੀ ਦਾ ਪਰਬੰਧ ਕਰਕੇ ਨਾਮਧਾਰੀ ਦਰਬਾਰ ਨੇ ਪੰਜਾਬ ਦੀਆਂ ਸੰਗਤਾਂ ਦੀ ਹੋਲੇ ਯਾਤਰਾ ਨੂੰ ਸੁਖਾਵਾਂ ਤੇ ਲੁਭਾਉਣਾ ਬਨਾਉਣ ਦਾ ਵਧੀਆ ਜਤਨ ਕਰ ਲਿਆ ਸੀ।

ਗੋਲਾ ਗੋਕਰਨ ਨਾਥ ਜਿਨਾਂ ਬੋਲਣ ਵਿਚ ਔਖਾ ਹੈ ਲਿਖਣ ਵਿਚ ਵੀ ਘੱਟ ਨਹੀਂ। ਜਿੰਨੀਆਂ ਅਖਬਾਰਾਂ ਵਿਚ ਇਹ ਨਾਮ ਛਪਿਆ (ਸਣੇ ਵਰਿਆਮ ਦੇ) ਸ਼ਬਦ ਜੋੜਾਂ ਦੀ ਅਨੇਕਤਾ ਅਤੇ ਬਿਖਮਤਾ ਕਾਇਮ ਰੱਖ ਗਿਆ। ਬਾਵਜੂਦ ਬਾਰ ਬਾਰ ਠੀਕ ਕਰਨ ਦੇ ਗੋਕਨ ਨਾਥ ਤੋਂ ਲੈ ਕੇ ਗੋਲਡਨ ਨਾਥ ਤਕ ਪ੍ਰਕਾਸ਼ਤ ਹੋਇਆ। ਇਹ ਬਿਖਮਤਾ ਵਿਸ਼ੇਸ਼ ਰੇਲ ਗੱਡੀ ਨੇ ਵੀ ਕਾਇਮ ਰੱਖੀ। ਸੋਮਵਾਰ ੮ ਮਾਰਚ ਸ਼ਾਮ ਸੱਤ ਵਜੇ ਦੀ ਚਲੀ ਕੇਵਲ ਬੱਤੀ ਘੰਟੇ ਵਿਚ ਦਸ ਮਾਰਚ ਅਮ੍ਰਿਤ ਵੇਲੇ ਤਿੰਨ ਵਜੇ ਗੋਲੇ ਪੁਜੀ। ਵੀਹ ਘੰਟੇ ਲੁਧਿਆਣੇ ਤੋਂ ਬਰੇਲੀ ਤੱਕ, ਤਿੰਨ ਘੰਟੇ ਬਰੇਲੀ ਵਿਸ਼ਰਾਮ ਅਤੇ ਅਗੋਂ ਮੀਟਰ ਗੇਜ (ਛੋਟੀ ਲਾਈਨ) ਤੇ ਗਡੀ ਤਬਦੀਲ ਕਰਕੇ ਨੌ ਘੰਟੇ ਦਾ ਸੱਫਰ ਰਸਤੇ ਵਿਚ ਵੀ ਕਈ ਥਾਵਾਂ ਨੇ ਘੰਟਿਆਂ ਬਧੀ ਖੜੀ ਰਹਿੰਦੀ। ਡਾਕ ਗੱਡੀਆਂ ਅਤੇ ਹੋਰ ਗੱਡੀਆਂ ਦੀ ਸੇਵਾ ਵਿਚ।

ਹੁਣ ਤਕ ਦੀਆਂ ਸਤਰਾਂ ਪੜ੍ਹਕੇ ਪਾਠਕਾਂ ਨੂੰ ਸਾਡੀ ਹਾਲਤ ਤੇ ਤਰਸ ਆ ਰਿਹਾ ਹੋਵੇਗਾ। ਪਰ ਗੱਲ ਇੰਜ ਨਹੀਂ। ਹੋਲਾ ਮਹੱਲਾ ਤਾਂ ਲੁਧਿਆਣੇ ਸਟੇਸ਼ਨ ਤੋਂ ਹੀ ਸ਼ੁਰੂ ਹੋ ਗਿਆ ਸੀ। ਪੰਜਾਬ ਦੇ ਸਾਰੇ ਜ਼ਿਲਿਆਂ, ਮੰਡੀ ਹਿਮਾਚਲ, ਜੰਮੂ, ਜਮਨਾ ਨਗਰ (ਹਰਿਆਣਾ) ਦੀਆਂ ਸੰਗਤਾਂ, ਜਥੇਦਾਰ ਸਮੇਤ ਆਪਣੇ ਸਾਜ਼ਾਂ ਦੇ ਯਾਤਰਾ ਟਰੇਨ ਵਿਚ ਸ਼ਸ਼ੋਭਤ ਸਨ। ਲੁਧਿਆਣੇ ਸਟੇਸ਼ਨ ਤੇ ਸ: ਮਹਿੰਦਰ ਸਿੰਘ ਮੋਰੋਂ ਵਾਲੇ ਆਪਣੇ ਵੀਡੀਓ ਕੈਮਰੇ ਰਾਹੀਂ ਛਿਨ ਛਿਨ ਛਿਨ ਦੀ ਫਿਲਮ ਲੈ ਰਹੇ ਸਨ। ਵਰਿਆਮ ਦਾ ਬਾਕਾਇਦਾ ਦਫਤਰ ਇਕ ਡੱਬੇ ਵਿਚ ਸਥਾਪਤ ਸੀ। ਸੰਪਾਦਕ ਵਰਿਆਮ ਨਾਲ ਪ੍ਰਸਿਧ ਫੋਟੋਗਰਾਫਰ ਹਰਭਜਨ ਬਾਜਵਾ ਵੀ ਸਫਰ ਕਰ ਰਿਹਾ ਸੀ ਜਿਸ ਦਾ ਕੈਮਰਾ ਫੋਟੋ ਚਿੱਤਰ ਹਜ਼ਮ ਕਰ ਕਰਕੇ ਰੱਜਦਾ ਨਹੀਂ ਸੀ। ਪਰਬੰਧਕ ਸਟਾਫ ਵਿਚ ਸ: ਹਰਮੀਤ ਸਿੰਘ ਦਿਲੀ (ਨਾਮਧਾਰੀ ਰੇਲ ਮਹਿਕਮੇ ਦੇ ਇੰਚਾਰਜ) ਸੰਤ ਦਿਆਲ ਸਿੰਘ ਫਗਵਾੜਾ, ਸ: ਗੁਰਦੇਵ ਸਿੰਘ ਮਦਾਰ ਸੁਰਖਿਆ ਇੰਚਾਰਜ) ਜਸਬੀਰ ਸਿੰਘ ਦਿਲੀ ਦਿਨ ਰਾਤ ਸਰਗਰਮ ਰਹੇ।

ਗੱਡੀ ਲੁਧਿਆਣਾ, ਅੰਬਾਲਾ, ਜਗਾਧਰੀ,ਸਹਾਰਨਪੁਰ, ਰੁੜਕੀ, ਲਕਸਰ, ਨਜੀਬਾਬਾਦ, ਮੁਰਾਦਾਬਾਦ, ਰਾਮਪੁਰ ਥਾਣੀ ਹੁੰਦੀ ਹੋਈ ਬਰੇਲੀ ਤਿੰਨ ਵਜੇ ਬਾਅਦ ਦੁਪਹਿਰ ਪੁਜੀ ਸੀ। ਦਿਨ ਵਾਲੇ ਸਾਰੇ ਸਟੇਸ਼ਨਾਂ ਤੇ (ਸਹਾਰਨਪੁਰ ਬਾਅਦ ਦਿਨ ਹੀ ਦਿਨ ਸੀ) ਡਬਿਆਂ ਚੋਂ ਆਉਂਦੀਆਂ ਢੋਲਕ ਛੈਣਿਆਂ ਦੀਆਂ ਤਾਲਾਂ ਅਤੇ ਸ਼ਬਦਾਂ ਦੀਆਂ ਸੁਰਾਂ ਲੋਕਾਂ ਨੂੰ ਆਪਣੇ ਵੱਲ ਆਕ੍ਰਸ਼ਿਤ ਕਰਦੀਆਂ। ਮੰਡੀ ਤੋਂ ਬੀਬੀਆਂ ਦਾ ਜਥਾ ਕੀਰਤਨ ਸਮਾਗਮ ਤੋਂ ਨਾ ਅਕਦਾ ਨਾ ਥਕਦਾ। ਬਰੇਲੀ ਸਟੇਸ਼ਨ ਤੇ ਪਹਿਲੀ ਗੱਡੀ ਛੱਡ ਕੇ ਦੂਸਰੀ ਫੜਨ ਵਾਸਤੇ ਵਕਤ ਸੀ। ਫੇਰ ਬਰੇਲੀ ਤੋਂ ਸੰਗਤ ਨੇ ਲੰਗਰ ਵੀ ਲੈ ਕੇ ਆਉਣਾ ਸੀ। ਬਰੇਲੀ ਦਾ ਵਿਸ਼ਾਲ ਪਲੇਟ ਫਾਰਮ ਦੀਵਾਨ ਅਸਥਾਨ ਦਾ ਰੂਪ ਧਾਰਨ ਕਰ ਗਿਆ। ਸੂਬਾ ਜਥੇਦਾਰ ਸੇਵਾ ਸਿੰਘ ਜਗਾਧਰੀ ਵਾਲਿਆਂ ਖੜਤਾਲਾਂ ਕੱਢ ਕੇ ਦੀਵਾਨ ਸਜਾ ਦਿਤਾ। ਪਰਾਂ ਹੋਰ ਜਥੇਦਾਰਾਂ ਦੀਵਾਨ ਸ਼ੁਰੂ ਕਰ ਦਿਤਾ। ਸੰਗਤਾਂ ਚੌਕੜੀਆਂ ਮਾਰ ਬੈਠ ਗਈਆਂ। ਜੇ ਗੱਡੀ ਨੇ ਲੇਟ ਕੀਤਾ ਸੀ ਤਾਂ ਦੀਵਾਨ ਤੋਂ ਹਟਣ ਨੂੰ ਕਿਸਦਾ ਜੀਅ ਕਰਦਾ ਸੀ। ਇਸ ਤਰ੍ਹਾਂ ਇਹ ਗੱਡੀ ਪਰਚਾਰ ਕਾਰਜ ਵਿਚ ਵੀ ਬਹੁਤ ਸਹਾਈ ਹੋਈ।

ਜਦੋਂ ਬਰੇਲੀ ਤੋਂ ਪੀਲੀ ਭੀਤ-ਗੋਲਾ ਗੋਕਰਨ ਨਾਥ ਵਾਲੀ ਗੱਡੀ ਤੇ ਸਵਾਰੀਆਂ ਬੈਠ ਗਈਆਂ ਤਾਂ ਲੰਗਰ ਵੀ ਆ ਗਿਆ ਸੀ। ਸੰਤ...ਜੀ ਨੇ ਮਿਹਨਤ ਕਰਕੇ ਹੋਲੀਆਂ ਦੇ ਦਿਨਾਂ ਵਿਚ ਇਹ ਸੇਵਾ ਕੀਤੀ ਸੀ। ਹੁਣ ਲੰਗਰ ਵੀ ਤਿਆਰ ਸੀ ਤੇ ਗਡੀ ਵੀ ਤਿਆਰ।

ਸ਼ਾਮ ਛੇ ਵਜੇ ਦੁਬਾਰਾ ਗਡੀ ਤੇ ਚੜ੍ਹੇ ਤਾਂ ਹੁਣ ਸਫਰ ਦੀ ਲੰਬਾਈ ਤੇ ਸਿਖਾਂ ਦੇ ਸਿਦਕ ਵਿਚ ਮੁਕਾਬਲਾ ਸੀ। ਆਖਰ ਸਵੇਰੇ ਤਿੰਨ ਵਜੇ ਸਿਦਕੀਆਂ ਦੀ ਜਿਤ ਹੋਈ ਤੇ ਰੇਲ ਸਫਰ ਖਤਮ ਹੋ ਚੁਕਾ ਸੀ। ਅਗੋਂ ਠਾਕਰ ਦਲੀਪ



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਸਾਧ ਸੰਗਤ ਦੇ ਸੁਆਗਤ ਲਈ ਆਏ ਸਨ। ਤਸਵੀਰਾਂ ਵੀ ਖਿੱਚ ਰਹੇ ਸਨ ਅਤੇ ਸਾਧ ਸੰਗਤ ਨੂੰ ਟਰਕਾਂ ਉਤੇ ਦੀਵਾਨ ਅਸਥਾਨ ਤੇ ਵੀ ਪਹੁੰਚਾ ਰਹੇ ਸਨ। ਸਰਕਾਰੀ ਡਿਗਰੀ ਕਾਲਜ ਦੇ ਵਿਸ਼ਾਲ ਮੈਦਾਨਾਂ ਵਿਚ ਵਸੇ ਹੋਲੇ ਮਹੱਲੇ ਦੇ ਨਗਰ ਵਿਚ ਆਸਾ ਦੀ ਵਾਰ ਅਤੇ ਬੂੰਦਾ ਬਾਂਦੀ ਸ਼ੁਰੂ ਸੀ। ਡੇਰੇ ਲਾਉਂਦਿਆਂ ਇਸ਼ਨਾਨ ਕਰਦਿਆਂ ਆਸਾ ਦੀ ਵਾਰ ਸਮਾਪਤ ਹੋ ਚੁਕੀ ਸੀ। ਪਹਿਲਾਂ ਪਹੁੰਚਣ ਵਾਲਿਆਂ ਨੇ ਦੀਵਾਨ ਦਾ ਅਨੰਦ ਮਾਣਿਆ।

ਗੋਲਾ ਗੋਕਰਨ ਨਾਥ ਯੂ. ਪੀ. ਦੇ ਜ਼ਿਲੇ ਲਖੀਮਪੁਰ ਖੀਰੀ ਦਾ ਇਕ ਕਸਬਾ ਹੈ। ਲਖੀਮਪੁਰ ਖੀਰੀ ਨੂੰ ਜਾਂਦੀ ਸੜਕ ਤੇ ਸਰਕਾਰੀ ਡਿਗਰੀ ਕਾਲਜ ਦਾ ਸਾਰਾ ਇਲਾਕਾ ਹੋਲਾ ਕਮੇਟੀ ਨੇ ਲੈ ਲਿਆ ਸੀ। ਇਸ ਦੇ ਕਮਰਿਆਂ ਬਰਾਂਡਿਆਂ ਵਿਚ ਵੀ ਸਾਧ ਸੰਗਤ ਦੇ ਡੇਰੇ ਸਨ ਤੇ ਤੰਬੂਆਂ ਤੰਬੋਟੀਆਂ ਦਾ ਇਕ ਵਖਰਾ ਨਗਰ ਵੀ ਕਾਇਮ ਹੋਇਆ ਸੀ। ਇਸ਼ਨਾਨ ਕਰਨ ਵਾਸਤੇ ਕੋਈ ਪੰਝੀ ਤੀਹ ਟੂਟੀਆਂ ਦਾ ਹਰ ਵਕਤ ਪਰਬੰਧ ਸੀ।

ਸੰਧ ਦੇ ਲੰਗਰ ਵਾਸਤੇ ਇਕ ਨਵਾਂ ਖੂਹ ਵੀ ਲਾਇਆ ਗਿਆ ਸੀ ਜਿਸਦੀ ਸੋਅ ਸੁਣਕੇ ਇਲਾਕੇ ਵਾਲੇ ਉਸ ਨੂੰ ਵੇਖਣ ਵਾਸਤੇ ਵੀ ਆਉਂਦੇ ਸਨ। ਫੁਟਬਾਲ ਦੇ ਮੈਦਾਨ ਵਿਚ ਸੰਤ ਸੇਵਾ ਸਿੰਘ ਜੀ ਨਾਮਧਾਰੀ ਏਜੰਸੀ ਦਿੱਲੀ ਵਾਲਿਆਂ ਇਕ ਮਹਾਂ ਮੰਡਪ ਉਸਾਰਿਆ ਹੋਇਆ ਸੀ। ਸਰਕਸ ਵਾਲਿਆਂ ਵਾਂਗ ਵੱਡਾ ਤੰਬੂ ਵਾਟਰ ਪਰੂਫ ਸਮਾਨ ਨਾਲ ਕਜਿਆ ਸੀ ਤਾਂ ਕਿ ਬਾਰਸ਼ ਹੋਵੇ ਤਾਂ ਵੀ ਅੰਦਰ ਪਾਣੀ ਨਾ ਜਾਵੇ। ਨਾਲ ਹੀ ਸਰਕਾਰੀ ਰੈਸਟ ਹਾਊਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਡੇਰਾ ਸੀ।

ਮੁਖ ਪਰਬੰਧਕ ਅਤੇ ਨਿਰਦੇਸ਼ਕ ਠਾਕੁਰ ਉਦੇ ਸਿੰਘ ਜੀ ਸਨ ਅਤੇ ਯੂ. ਪੀ. ਦੇ ਐਮ. ਐਲ. ਸੀ ਸ: ਮਹਿੰਦਰ ਸਿੰਘ ਹੋਰਾਂ ਬਹੁਤ ਮਿਲਵਰਤਨ ਦਿੱਤਾ ਸੀ। ਥਾਂ ਬਹੁਤ ਖੁਲ੍ਹਾ ਹੋਣ ਕਰਕੇ ਅਤੇ ਮੈਦਾਨ ਵਧੀਆਂ ਘਾ ਵਾਲਾ ਹੋਣ ਕਰਕੇ ਦੀਵਾਨ ਲੰਗਰ ਆਦਿਕ ਦੀ ਬਹੁਤ ਸਹੂਲਤ ਸੀ ਅਤੇ ਚੌਵੀ ਘੰਟੇ ਨਾਮਧਾਰੀ ਸਾਧ ਸੰਗਤ ਅਤੇ ਉਥੋਂ ਦੇ ਸਥਾਨਕ ਲੋਕ ਲੰਗਰ ਛਕਦੇ ਰਹੇ।

ਠਾਕਰ ਉਦੇ ਸਿੰਘ ਜੀ ਨੇ ਸਾਡਾ ਡੇਰਾ ਪੰਜਾਬੀ ਕਾਲੋਨੀ ਵਿਚ ਸ੍ਰੀ ਸੋਮਨਾਥ ਸਾਹਨੀ ਦੇ ਘਰ ਵਿਚ ਲਵਾਇਆ ਸੀ। ਜਿਨ੍ਹਾਂ ਦੇ ਪਰਿਵਾਰ ਨੇ ਸਾਨੂੰ ਅੱਖਾਂ ਤੇ ਬੈਠਾਈ ਰਖਿਆ। ਇਸੇ ਤਰ੍ਹਾਂ ਸਾਰੀ ਕਾਲੋਨੀ ਵਿਚ ਹੀ ਡੇਰੇ ਸਨ। ਯਾਤਰਾ ਡੇਰੇ ਦੇ ਮੇਰੇ ਸਾਥੀਆਂ ਵਿਚ ਜੰਮੂ ਤੋਂ ਸੰਤ ਜੋਗਤ ਸਿੰਘ, ਸੰਤ ਤਾਰਾ ਸਿੰਘ ਤੇ ਚਰਨ ਸਿੰਘ ਸਿਤਾਰ ਵਾਦਕ, ਅਤੇ ਜਲੰਧਰ ਤੋਂ ਸ੍ਰੀ ਫਕੀਰ ਚੰਦ ਤੁਲੀ ਪੰਜਾਬੀ ਕਵੀ ਸਨ। ਤੁਲੀ ਸਾਹਿਬ ਨੇ ਤਾਂ ਦੀਵਾਨ ਅਸਥਾਨ ਬਾਹਰ ਵਰਿਆਮ ਦੇ ਦਫਤਰ ਲਾ ਕੇ ਮੋਰਚਾ ਸੰਭਾਲ ਲਿਆ ਅਤੇ ਵਰਿਆਮ ਦੇ ਹੋਲੇ ਸਮੇਂ ਨਿਕਲੇ ਵਿਸ਼ੇਸ਼ ਅੰਕ ਨੂੰ ਵੇਖ ਸੰਗਤਾਂ ਤ੍ਰਿਪਤ ਹੋਣ ਲਗੀਆਂ।

ਚਰਨ ਸਿੰਘ ਤੇ ਮੈਂ ਜਦ ਰੈਸਟ ਹਾਊਸ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ ਉਸ ਸਮੇਂ ਦੀਵਾਨ ਅਸਥਾਨ ਵਿਚ ਜਥੇਦਾਰ ਨਿਰੰਜਨ ਸਿੰਘ ਦਾ ਦੀਵਾਨ ਸ਼ੁਰੂ ਹੋ ਚੁਕਾ ਸੀ। ਹੋਲੇ ਦੇ ਦੀਵਾਨ ਕਮਰਵਾਰ ਕੱਲ ਤੋਂ ਹੀ ਸ਼ੁਰੂ ਸਨ ਅਤੇ ਇਹ ਪਰਵਾਹ ਨਿਰੰਤਰ ਜਾਰੀ ਹੀ ਸੀ। ਅਸੀਂ ਜਥੇਦਾਰ ਜੀ ਦਾ ਦੀਵਾਨ ਤਾਂ ਨਾ ਸੁਣ ਸਕੇ ਪਰ ਸਾਥੀਆਂ ਤੋਂ ਪਤਾ ਲਗਾ ਕਿ ਸੰਤਾਂ ਬਹੁਤ ਰਸ ਬਣਾਇਆ ਸੀ।

ਸਤਿਗੁਰੂ ਜੀ ਦੇ ਦਰਸ਼ਨ ਬਹੁਤ ਦੇਰ ਬਾਅਦ ਹੋਏ ਸਨ ਅਤੇ ਉਹਨਾਂ ਦੇ ਸਰੀਰ ਅਸਵਸਥ ਹੋਣ ਦੇ ਸਮਾਚਾਰ ਵੀ ਆਏ ਹੋਏ ਸਨ। ਭਾਵੇਂ ਆਪ ਸਮਰਥ ਹਨ ਪਰ ਉਹਨਾਂ ਦੀ ਸਿਹਤ ਪ੍ਰਤੀ ਸਾਡੀ ਚਿੰਤਾ ਤਾਂ ਕੁਦਰਤੀ ਸੀ। ਜਦੋਂ ਅਸੀਂ ਦਰਸ਼ਨ ਕੀਤੇ ਤਾਂ ਆਪ ਬਾਲਕੋਨੀ ਉਪਰ ਧੁਪੇ ਬੈਠੇ ਸਨ। ਕਾਫੀ ਦੇਰ ਅੰਮ੍ਰਿਤ ਬਚਨਾਂ ਦੀ ਬਖਸ਼ਿਸ਼ ਕਰਦੇ ਰਹੇ, ਫੇਰ ਆਪ ਨੇ ਨਾਮਧਾਰੀ ਫਾਰਮ ਤੇ ਜਾਣ ਦੀ ਤਿਆਰੀ ਕਰ ਲਈ। ਇਸ ਤਰ੍ਹਾਂ ਨਾਮਧਾਰੀ ਫਾਰਮ ਦੇਖਣ ਦਾ ਸਾਡਾ ਸਬੱਬ ਵੀ ਬਣ ਗਿਆ।

ਗੋਲਾ ਸ਼ਹਿਰ ਤੋਂ ਕੋਈ ੧੪-੧੫ ਮੀਲ ਦੂਰ ਬਹੁਤ ਵੱਡਾ ਨਾਮਧਾਰੀ ਫਾਰਮ ਹੈ। ਇਸ ਤਰ੍ਹਾਂ ਦੇ ਇਲਾਕੇ ਵਿਚ ਬਹੁਤ ਸਾਰੇ ਪੰਜਾਬੀ ਆ ਕੇ ਵਸੇ ਹੋਏ ਹਨ ਜਿਹਨਾਂ ਨੇ ਜੰਗਲ ਸਾਫ ਕਰ ਕੇ ਮਿਹਨਤ ਨਾਲ ਅੰਨ ਉਪਜ ਵਿਚ ਬਹਾਰ ਲੈ ਆਂਦੀ ਹੈ। ਕਾਫੀ ਗਿਣਤੀ ਵਿਚ ਨਾਮਧਾਰੀਆਂ ਦੇ ਫਾਰਮ ਵੀ ਹਨ। ਗੋਲਾ ਫਾਰਮ ਸਤਿਗੁਰੂ ਜੀ ਦਾ ਫਾਰਮ ਹੈ ਅਤੇ ਇਥੇ ਠਾਕਰ ਉਦੇ ਸਿੰਘ ਜੀ ਆਪਣੀ ਨਿਗਰਾਨੀ ਹੇਠ ਖੇਤੀ ਕਰਾਉਂਦੇ ਹਨ। ਲਖਨਊ, ਕਾਨਪੁਰ, ਬਨਾਰਸ, ਆਦਿਕ ਥਾਵਾਂ ਤੇ ਸਰਦੇ ਪੁਜਦੇ ਨਾਮਧਾਰੀ ਰਹਿੰਦੇ ਹਨ। ਇਸ ਦੇ ਨਾਲ ਹੀ ਨਾਮਧਾਰੀਆਂ ਕਿਸਾਨਾਂ ਦਾ ਯੂ. ਪੀ. ਵਿਚ ਸਥਾਪਤ ਹੋਣਾ ਯੂ. ਪੀ. ਵਿਚ ਇਸ ਪਹਿਲੇ ਨਾਮਧਾਰੀ ਹੋਲੇ ਦਾ ਕਾਰਨ ਬਣਿਆ ਅਤੇ ਗੁਰੂਕਿਆਂ ਦਾ ਫਾਰਮ ਗੋਲਾ ਗੋਕਰਨ ਨਾਥ ਵਿਖੇ ਹੋਣ ਕਰ ਕੇ ਹੋਲਾ ਗੋਲਾ ਵਿਖੇ ਹੋਇਆ। ਹੋਲੀਆਂ ਦੇ ਦਿਨ ਸਨ। ਭਰ ਜੋਬਨ ਤੇ ਹੋਲੀ ਸੀ। ਯੂ. ਪੀ. ਵਿਚ ਹੋਲੀ ਦਾ ਰੰਗ ਵੀ ਗੂੜ੍ਹਾ ਹੁੰਦਾ ਹੈ। ਅਸੀਂ ਵੇਖਿਆ ਕਿ ਰੰਗ ਪਾਉਣ



Sri Satguru Jagjit Singh Ji Elibrary NamdhariElibrary@gmail.com

ਵਾਲੇ ਨਾ ਕਿਸੇ ਸਾਧ ਨੂੰ ਛੱਡਦੇ ਨਾ ਸੰਤ ਨੂੰ। ਸਿਪਾਹੀਆਂ ਦਾ ਤਾਂ ਬੁਰਾ ਹਾਲ ਕਰਦੇ ਪਰ ਸ਼ਹਿਰ ਵਿਚ ਮੁਨਾਦੀ ਕਰਵਾਈ ਗਈ ਸੀ ਕਿ ਨਾਮਧਾਰੀਆਂ ਤੇ ਰੰਗ ਨਾ ਪਾਇਆ ਜਾਵੇ। ਇਸ ਵਾਸਤੇ ਸਾਡੇ ਕਪੜੇ ਚਿੱਟੇ ਹੀ ਰਹੇ। ਪਰ ਸ਼ਹਿਰ ਵਿਚ ਟਰੈਫਿਕ ਦਾ ਬਹੁਤ ਘੜਮਸ ਸੀ। ਇਸ ਲਈ ਫਾਰਮ ਤੇ ਜਾਣ ਵਾਸਤੇ ਸਤਿਗੁਰੂ ਜੀ ਦੇ ਕਾਰਾਂ ਦੇ ਕਾਫਲੇ ਨੇ ਜੰਗਲ ਦਾ ਰਾਹ ਫੜਿਆ। ਇਸ ਕਾਰਾਂ ਦੇ ਕਾਫਲੇ ਵਿਚ, ਸਤਿਗੁਰੂ ਜੀ, ਮਹਾਰਾਜ ਬੀਰ ਸਿੰਘ, ਠਾਕਰ ਦਲੀਪ ਸਿੰਘ ਜੀ, ਠਾਕਰ ਉਦੈ ਸਿੰਘ ਜੀ, ਮਾਤਾ ਜੀ, ਬੇਬੇ ਜੀ, ਸੰਤ ਤਰਸੇਮ ਸਿੰਘ ਜੀ, ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਬਲਕਾਰ ਸਿੰਘ, ਉਪਕਾਰ ਸਿੰਘ, ਗੁਰਦੇਵ ਸਿੰਘ ਮਦਾਰ ਅਤੇ ਹੋਰ ਮਹਾਤਮਾ ਸ਼ਾਮਲ ਸਨ।

ਜੰਗਲ ਵਿਚੋਂ ਗੋਲਾ ਤੋਂ ਭੀਰਾ ਪਲੀਆਂ ਨੂੰ ਜਾਣ ਵਾਲੀ ਜੰਗਲੀ ਕੱਚੀ ਸੜਕ ਤੋਂ ਅਸੀਂ ਗਏ। ਸਾਗਵਾਨ ਦੇ ਉੱਚੇ ਉੱਚੇ ਦਰੱਖਤ ਤੇ ਚੌੜੇ ਚੌੜੇ ਪਤਿਆਂ ਵਿਚ ਦਿਨੇ ਹੀ ਸੂਰਜ ਲੁਕਿਆ ਹੋਇਆ ਸੀ। ਇਹ ਜੰਗਲ ਮੀਲਾਂ ਤਕ ਫੈਲਿਆ ਹੋਇਆ ਸੀ ਅਤੇ ਰਸਤੇ ਵਿਚ ਲਿਖਿਆ ਸੀ ਕਿ ਜੰਗਲ ਵਿਚ ਸ਼ੇਰ ਵੀ ਹੋ ਸਕਦਾ ਹੈ। ਵਿਚ ਪਾਣੀ ਦੇ ਨਾਲੇ ਵੀ ਕਦੇ ਕਦੇ ਆ ਜਾਂਦੇ। ਇਕ ਜਗ੍ਹਾ ਬਰੌਛਾ ਨਾਲਾ ਦੇ ਪੁਲ ਤੇ ਇਹ ਕਾਫਲਾ ਖੜਾ ਹੋਇਆ। ਮਹਾਰਾਜ ਬੀਰ ਸਿੰਘ ਜੀ ਕੈਮਰੇ ਨਾਲ ਤਸਵੀਰਾਂ ਲੈ ਰਹੇ ਸਨ। ਪਾਣੀ ਵਿਚ ਦੂਰ ਬੈਠੇ ਭਈਏ ਨੇ ਜਦੋਂ ਮਹਾਰਾਜ ਦਾ ਕੈਮਰਾ ਆਪਣੇ ਵਲ ਵੇਖਿਆ ਤਾਂ ਉਠ ਕੇ ਅਟੈਨਸ਼ੈਨ ਖੜਾ ਹੋ ਗਿਆ। ਅਖੇ "ਸਰਦਾਰ ਜੀ ਹਮਰਾ ਫੋਟੂ ਲੇ ਰਹੇ ਹੈਂ।" ਜੰਗਲ ਵਿਚੋਂ ਖੱਬੇ ਹੱਥ ਦਾ ਮੋੜ ਕਟ ਕੇ ਥੋੜੀ ਦੂਰ ਜਾ ਕੇ ਅਸੀਂ ਜੰਗਲ ਤੋਂ ਬਾਹਰ ਮੈਦਾਨ ਵਿਚ ਆ ਗਏ। ਰਸਤਾ ਖਰਾਬ ਸੀ। ਚਿੱਕੜ ਵੀ ਕਈ ਥਾਂ ਸੀ ਪਰ ਸਾਡੀ ਗੱਡੀ ਦਾ ਮਾਲਕ ਤੇ ਚਾਲਕ ਸ: ਚਰਨਜੀਤ ਸਿੰਘ (ਬਲਵੰਤ ਸਿੰਘ ਐਂਡ ਸਨਜ਼) ਦਿੱਲੀ, ਗੱਡੀ ਚਲਾਣ ਵਿਚ ਵੀ ਕੁਸ਼ਲ ਸੀ ਤੇ ਰਸਤੇ ਦੇ ਸੁਭਾਅ ਤੋਂ ਵੀ ਵਾਕਿਫ਼ ਪਰ ਫਿਰ ਵੀ ਅੰਬੈਸਡਰ ਗੱਡੀ ਵਾਸਤੇ ਰਸਤਾ ਔਖਾ ਹੀ ਸੀ।

ਕਈ ਏਕੜਾਂ ਵਿਚ ਫੈਲਿਆ ਨਾਮਧਾਰੀ ਫਾਰਮ ਵੀ ਇਕ ਲੰਬੇ ਸੰਘਰਸ਼ ਦੀ ਦਾਸਤਾਨ ਹੈ। ਕਦੀ ਪਾਣੀ ਆ ਜਾਣਾ ਅਤੇ ਕਦੀ ਜੰਗਲੀ ਜਾਨਵਰ। ਪਰ ਕਮਾਲ ਦੀ ਇੰਜਨੀਅਰੀ ਸਦਕਾ ਹੁਣ ਐਸਾ ਪ੍ਰਬੰਧ ਕਰ ਲਿਆ ਹੈ ਕਿ ਜੇ ਬਾਰਸ਼ ਦਾ ਪਾਣੀ ਆਵੇ ਤਾਂ ਪ੍ਰਬੰਧਕਾਂ ਦੀ ਮਰਜ਼ੀ ਨਾਲ ਹੀ ਖਲੋ ਸਕਦਾ ਹੈ, ਨਹੀਂ ਤਾਂ ਆਪਣੇ ਰਾਹ ਪੈਂਦਾ ਹੈ। ਜੇ ਪਾਣੀ ਰੋਕਣਾ ਉਪਯੋਗੀ ਹੋਵੇ ਤਾਂ ਰੋਕ ਲਿਆ ਜਾਂਦਾ ਹੈ ਨਹੀਂ ਤਾਂ ਅਗੇ ਭੇਜ ਦਿਤਾ ਜਾਂਦਾ, ਖਾਲਾਂ ਨਾਲੀਆਂ ਦਾ ਐਸਾ ਪ੍ਰਬੰਧ ਹੈ। ਇਸ ਥਾਂ ਤੇ ਉਚੇ ਲੰਮੇ ਗੰਨਿਆਂ ਦੇ ਖੇਤ ਸਨ। ਭਾਂਤ ਸੁ ਭ੍ਰਾਂਤੀ ਕਿਸਮ ਦੇ ਗੰਨੇ, ਸਬਜ਼ੀਆਂ, ਕਣਕ ਆਦਿ, ਕੋਈ ਦੋ ਘੰਟੇ ਇਥੇ ਰਟਨ ਹੁੰਦਾ ਰਿਹਾ। ਬਹੁਤ ਪੋਲੇ ਅਤੇ ਰਸਦਾਇਕ ਗੰਨੇ ਵੀ ਸਨ। ਮੈਨੂੰ ਦਸਿਆ ਗਿਆ ਸੀ ਕਿ ਸਤਿਗੁਰੂ ਜੀ ਅੱਜ ਕਲ੍ਹ ਜ਼ਿਆਦਾ ਆਰਾਮ ਹੀ ਕਰਦੇ ਹਨ। ਜਦੋਂ ਮੈਂ ਫਿਰ ਫਿਰ ਕੇ ਥੱਕ ਗਿਆ ਤਾਂ ਮੈਂ ਅਰਜ਼ ਕਰ ਕੇ ਪੁਛਿਆ ਕਿ ਗਰੀਬ ਨਿਵਾਜ ਕੀ ਤੁਸੀਂ ਅਜਿਹਾ ਹੀ ਆਰਾਮ ਰੋਜ਼ ਕਰਦੇ ਹੋ?

ਅਸੀਂ ਤਾਂ ਥੋਹੜੀ ਦੇਰ ਫਾਰਮ ਤੇ ਹੋਰ ਠਹਿਰ ਗਏ ਆਪ ਜਾ ਕੇ ਇਸ਼ਨਾਨ ਕਰ ਕੇ ਦੀਵਾਨ ਵਿਚ ਨਿੱਤਨੇਮ ਅਤੇ ਕੀਰਤਨ ਵਾਸਤੇ ਚਲੇ ਵੀ ਗਏ ਸਨ।

ਅੱਜ ਜਦੋਂ ਅਸੀਂ ਹਜ਼ੂਰੀ ਕੀਰਤਨ ਵਿਚ ਪੁਜੇ ਤਾਂ ਅਗੇ ਸੰਤ ਹਰਬੰਸ ਸਿੰਘ ਰਾਗੀ ਦਿਲਰੁਬਾ ਨਾਲ ਸ਼ਬਦ ਗਾਇਨ ਕਰ ਰਹੇ ਸਨ। ਬਚਪਨ ਤੋਂ ਘੁਲਾ ਨਾਮ ਨਾਲ ਮਸ਼ਹੂਰ ਹਰਬੰਸ ਸਿੰਘ ਨੌਜਵਾਨ ਕਲਾਕਾਰ ਅਤੇ ਆਪਣੇ ਪਿਤਾ ਸੰਤ ਦਰਸ਼ਨ ਸਿੰਘ ਦੀ ਥਾਂ ਹੁਣ ਹਜ਼ੂਰੀ ਕੀਰਤਨੀਏ ਹਨ। ਅੱਜ ਕਲ੍ਹ ਇਹ ਪ੍ਰਸਿਧ ਕਲਾਕਾਰ ਉਸਤਾਦ ਪਿਆਰਾ ਸਿੰਘ ਪਾਸੋਂ ਦਿਲਰੁਬਾ, ਤਾਰ ਸ਼ਹਿਨਾਈ ਵਾਦਨ ਦੀ ਸਿਖਿਆ ਵੀ ਲੈ ਰਹੇ ਹਨ। ਪਿਛਲੇ ਦਿਨਾਂ ਵਿਚ ਇਸ ਸਾਜ਼ ਦਾ ਕੀਤਾ ਜ਼ੋਰਦਾਰ ਅਭਿਆਸ ਅੱਜ ਦੇ ਕੀਰਤਨ ਵਿਚ ਪ੍ਰਤੱਖ ਨਜ਼ਰੀਂ ਪੈ ਰਿਹਾ ਸੀ। ਰਾਗ ਯਮਨ ਵਿਚ ਸ਼ਬਦ 'ਪ੍ਰਭ ਮੇਰਾ ਅੰਤਰਯਾਮੀ ਜਾਣ" ਦਾ ਗਾਇਨ ਅਤੇ ਨਾਲ ਹੀ ਵਾਦਨ ਸਮਾਂ ਬੰਨ੍ਹ ਰਿਹਾ ਸੀ। ਇਹਨਾਂ ਦੇ ਹੀ ਚਾਚਾ ਅਤੇ ਮਸ਼ਹੂਰ ਰਾਗੀ ਖਜ਼ਾਨ ਸਿੰਘ ਤਬਲਾ ਵਾਦਨ ਵੀ ਕਰ ਰਹੇ ਸਨ ਅਤੇ ਬੋਲ ਵੀ ਰਹੇ ਸਨ। ਇੰਜ ਇਹ ਦੋ ਰਾਗੀ ਚਾਰ ਕੀਰਤਨੀਆਂ ਜਿੰਨਾਂ ਕੰਮ ਕਰ ਰਹੇ ਸਨ।

ਹਰਬੰਸ ਸਿੰਘ ਜੀ ਦੇ ਕੀਰਤਨ ਤੋਂ ਖੁਸ਼ ਹੋ ਕੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਕੁਝ ਸ਼ਬਦ ਕਹੇ ਅਤੇ ਦਸਿਆ ਕਿ ਤੰਤੀ ਸਾਜ਼ ਦੀ ਕਿੰਨੀ ਮਹਾਨਤਾ ਹੈ। ਉਹਨਾਂ ਦਸਿਆ ਕਿ ੧੯੩੩ ਈ: ਵਿਚ ਸ੍ਰੀ ਭੈਣੀ ਸਾਹਿਬ ਵਿਚ ਹੋਏ ਸੰਗੀਤ ਸੰਮੇਲਨ ਵਿਚ ਭਾਈ ਹਰਨਾਮ ਸਿੰਘ ਜੀ ਠੱਟਾ ਟਿਬਾ ਵਾਲੇ ਪ੍ਰਥਮ ਰਹੇ ਸਨ ਅਤੇ ਘੋੜੀ ਇਨਾਮ ਜਿੱਤੇ ਸਨ। ਭਾਈ ਲਾਲ ਸਿੰਘ ਅੰਮ੍ਰਿਤਸਰ ਵਾਲਿਆਂ ਦੂਸਰਾ ਇਨਾਮ ਮੱਝ ਪ੍ਰਾਪਤ ਕੀਤਾ ਸੀ। ਤੀਸਰਾ ਇਨਾਮ ਪ੍ਰਸਿਧ ਰਾਗੀ ਭਾਈ ਸਮੁੰਦ ਸਿੰਘ ਜੀ ਨੇ ਇਕ ਸੁੰਦਰ ਗਊ ਪ੍ਰਾਪਤ ਕੀਤਾ ਸੀ। ਮਹਾਰਾਜ ਜੀ ਨੇ ਦਸਿਆ ਕਿ ਮੁਕਾਬਲੇ ਦੇ ਜੱਜਾਂ ਵਿਚ ਸ: ਮੁਕੰਦ ਸਿੰਘ ਜੀ ਸ਼ਿਮਲੇ ਵਾਲੇ ਅਤੇ ਰਾਗੀ ਹੀਰਾ ਸਿੰਘ



Sri Satguru Jagjit Singh Ji Elibrary NamdhariElibrary@gmail.com

ਜੀ ਪਟਿਆਲੇ ਵਾਲੇ ਆਦਿ ਸ਼ਾਮਲ ਸਨ ਅਤੇ ਸਭ ਚੋਟੀ ਦੇ ਰਾਗੀ ਸ਼ਾਮਲ ਹੋਏ ਸਨ। ਭਾਈ ਹਰਨਾਮ ਸਿੰਘ ਜੀ ਪਹਿਲਾ ਨੰਬਰ ਇਸੇ ਕਰ ਕੇ ਲੈ ਗਏ ਕਿ ਉਹਨਾਂ ਦਾ ਤੰਤੀ ਸਾਜ਼ਾਂ ਨਾਲ ਬਹੁਤ ਅਭਿਆਸ ਸੀ। ਤਬਲੇ ਤੇ ਉਹਨਾਂ ਨਾਲ ਭਾਈ ਨਸੀਰ ਜੀ ਸਨ।

ਰਾਤ ਨੂੰ ਬਹੁਤ ਸਫਲ ਕਵੀ ਦਰਬਾਰ ਹੋਇਆ ਜਿਸ ਵਿਚ ਸ: ਚੰਨਣ ਸਿੰਘ ਚਮਨ ਹਰਗੋਬਿੰਦਪੁਰੀ, ਵਿਧਾਤਾ ਸਿੰਘ ਕਮਾਲ ਅਤੇ ਸ੍ਰੀ ਜੁਗਿੰਦਰ ਪਾਲ ਸੇਵਕ ਅਮ੍ਰਿਤਸਰ, ਸ੍ਰੀ ਫਕੀਰ ਚੰਦ ਤੁਲੀ ਜਲੰਧਰ—ਸੀ. ਸੀ. ਐਲ. ਸੇਠ ਵੈਰਾਗੀ (ਹਿੰਦੀ ਕਵੀ) ਨਰਿੰਦਰ ਪਾਲ ਸਿੰਘ ਹੰਸਪਾਲ (ਹਿੰਦੀ), ਗੁਰਦੇਵ ਸਿੰਘ ਕੋਇਲ (ਗੀਤ) ਗੁਰਬਖ਼ਸ਼ ਸਿੰਘ ਚੀਨਾ, ਆਤਮਾ ਸਿੰਘ ਸਨਖਤਰਾ, ਡਾ: ਬਲਵੰਤ ਸਿੰਘ ਦਿਲੀ, ਅੱਛਰ ਸਿੰਘ ਵਿਰਦੀ, ਬਲਦੇਵ ਸਿੰਘ ਅਮਰਾਸਰ, ਸੁਰਿੰਦਰ ਸਿੰਘ ਜਮਨਾ ਨਗਰ, ਅਤੇ ਹੋਰ ਕਵੀਆਂ ਨੇ ਕਵਿਤਾਵਾਂ ਗੀਤਾਂ ਨਾਲ ਸਮਾਂ ਬੰਨਿਆ। ਕਵੀ ਦਰਬਾਰ ਦੀ ਵਿਸ਼ੇਸ਼ ਗੱਲ ਇਹ ਸੀ ਕਿ ਬਹੁਤਾ ਸਮਾਂ ਸਤਿਗੁਰੂ ਜੀ ਆਪ ਦਰਸ਼ਨ ਦਿੰਦੇ ਹਨ। ਚਮਨ ਹਰਗੋਬਿੰਦਪੁਰੀ ਦੀਆਂ ਹਾਸਰਸ ਪਰ ਅਰਥ ਭਰਪੂਰ ਕਵਿਤਾਵਾਂ ਮੁਖ ਆਕਰਸ਼ਨ ਸਨ। ਤੁਲੀ, ਵੈਰਾਗੀ, ਕੋਇਲ ਨੇ ਸੰਗਤਾਂ ਨੂੰ ਬਹੁਤ ਪ੍ਰਭਾਵਤ ਕੀਤਾ।

ਗਿਆਰਾਂ ਮਾਰਚ : ਸਵੇਰੇ ਤਿੰਨ ਵਜੇ ਤੋਂ ਆਸਾ ਦੀ ਵਾਰਾ ਦਾ ਕੀਰਤਨ ਵਾਰੇ ਦੇ ਰੂਪ ਵਿਚ ਹੋਇਆ। ਫੇਰ ਸਾਰਾ ਦਿਨ ਹੱਲੇ ਦੇ ਦੀਵਾਨ ਲਗਦੇ ਰਹੇ। ਅੱਜ ਪੰਡਤ ਗੋਪਾਲ ਸਿੰਘ ਜੀ ਦੇ ਦੀਵਾਨ ਤੋਂ ਪ੍ਰਭਾਵਤ ਹੋ ਕੇ ਅਨੇਕਾਂ ਨਵੇਂ ਵਿਅਕਤੀਆਂ ਨੇ ਮਾਸ ਸ਼ਰਾਬ ਤਿਆਗ ਕਰਕੇ ਭਜਨ ਪੁਛਿਆ।

ਨਿਤਨੇਮ ਬਾਅਦ ਹਜ਼ੂਰੀ ਕੀਰਤਨ, ਦਾ ਇਕ ਅਲੌਕਿਕ ਦ੍ਰਿਸ਼ ਸੀ। ਸਤਿਗੁਰੂ ਜੀ, ਮਹਾਰਾਜ ਜੀ, ਉਸਤਾਦ ਪਿਆਰਾ ਸਿੰਘ ਆਪਣੇ ਸਾਜਾਂ ਸਹਿਤ, ਦੂਸਰੇ ਪਾਸੇ ਸੰਤ ਖਜ਼ਾਨ ਸਿੰਘ, ਹਰਬੰਸ ਸਿੰਘ, ਹਰਭਜਨ ਸਿੰਘ, ਗੁਰਦੇਵ ਸਿੰਘ ਅਤੇ ਸੰਗੀਤਕਾਰ ਕਲਾਕਾਰਾਂ ਦਾ ਪੂਰਾ ਦਲ ਬਲ ਹਾਜ਼ਰ ਸੀ। ਦ੍ਰਿਸ਼ ਸੀ

ਅਨੂਪਮ—ਅਨੂਪਮ—ਅਨੂਪਮ।

ਰਾਤ ਜਥੇਦਾਰ ਗਿਆਨ ਸਿੰਘ ਵੀਰੋਕਿਆਂ ਵਾਲਿਆਂ ਦਾ ਦੀਵਾਨ ਸੀ। ਇਹ ਇਕ ਯਾਦਗਾਰੀ ਦੀਵਾਨ ਸੀ ਅਤੇ ਹੋਲੇ ਮਹੱਲੇ ਦੀ ਹਾਜ਼ਰੀ ਜੋਬਨ ਤੇ ਸੀ। ਇਲਾਕਾ ਨਿਵਾਸੀ ਸੰਗਤਾਂ ਹਿੰਦੂ ਮੁਸਲਮਾਨ ਹੁਮ ਹੁਮਾ ਕੇ ਪੁਜੀਆਂ ਸਨ। ਦੋ ਢੋਲਕਾਂ, ਖੜਤਾਲਾਂ, ਛੈਣੇ, ਮਸਤਾਨਿਆਂ ਦਾ ਝੁਰਮਟ।

੧੨ ਮਾਰਚ ਨਾਮਧਾਰੀ ਹੋਲੇ ਮਹੱਲੇ ਦਾ ਅੰਤਮ ਦ੍ਰਿਸ਼ ਸੀ। ਆਸਾ ਦੀ ਵਾਰ, ਅਨੰਦ ਕਾਰਜ, ਪਾਠਾਂ ਦੇ ਭੋਗ ਲੀਡਰਾਂ ਦੇ ਭਾਸ਼ਣ, ਮਤੇ, ਅਗਲੇ ਹੋਲੇ ਦਾ ਐਲਾਨ ਅਰਦਾਸ ਆਦਿ ਸਭ ਸਵੇਰੇ ਹੋਣਾ ਸੀ।

ਭਾਰਤ ਦੇ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ, ਸ੍ਰੀ ਰਾਜੀਵ ਗਾਂਧੀ ਤੇ ਸ. ਹਰਵਿੰਦਰ ਸਿੰਘ ਹੰਸਪਾਲ ਦਿੱਲੀਓਂ ਜਹਾਜ਼ ਅਤੇ ਬਰੇਲੀ ਤੋਂ ਹੈਲੀਕਾਪਟਰ ਰਾਹੀਂ ਦੀਵਾਨ ਵਿਚ ਪੁਜੇ ਸਨ। ਉਹਨਾਂ ਨਾਲ ਹੀ ਰਾਜਸੀ ਲੋਕਾਂ ਦਾ ਦਲ ਵੀ ਨਾਮਧਾਰੀਆਂ ਦਾ ਹੋਲਾ ਵੇਖਣ ਆਇਆ ਸੀ। ਸੰਜੇ ਸਿੰਘ, ਪ੍ਰੇਮਵਤੀ ਤਿਵਾੜੀ, ਜ਼ਬਰ ਅਲੀ ਨਕਵੀ ਮੰਤਰੀ, ਪ੍ਰਿੰਸੀਪਲ ਸੁਜਾਨ ਸਿੰਘ (ਡੇਹਰਾਦੂਨ) ਮੈਂਬਰ ਮਿਨਾਰਟੀ ਕਮਿਸ਼ਨ, ਡਾ. ਡੀ. ਪੀ. ਅਗਰਵਾਲ ਮੁਖ ਸੰਪਾਦਕ ਪਾਇਨੀਅਰ (ਲਖਨਊ) ਊਸ਼ਾ ਵਰਮਾ ਐਮ. ਸੀ., ਸ: ਮਹਿੰਦਰ ਸਿੰਘ ਐਮ. ਐਲ. ਸੀ. ਅਤੇ ਹੋਰ ਅਣਗਿਣਤ ਪ੍ਰਾਹੁਣੇ, ਕਰਮਚਾਰੀ, ਅਧਿਕਾਰੀ ਟੀ. ਵੀ. ਰੇਡੀਓ ਤੇ ਪ੍ਰੈਸ ਵਾਲੇ। ਇਸ ਸਮੇਂ ਨਾਮਧਾਰੀਆਂ ਦੇ ਸਮੂਹਕ ਆਨੰਦ ਕਾਰਜ ਦੀ ਰਸਮ ਕੀਤੀ ਗਈ ਅਤੇ ਇਕੋ ਵਾਰ ਕਈ ਅਨੰਦ ਕਾਰਜ ਸਿਰੇ ਚੜੇ। ਪਾਇਨਰ ਸੰਪਾਦਕ ਅਗਰਵਾਲ ਦੀ ਤਕਰੀਰ ਗਿਣੀ ਤੁਲੀ ਆਲਮਾਨਾ ਸੀ ਤੇ ਦਾਰਸ਼ਨਿਕ ਵੀ।

ਉਨ੍ਹਾਂ ਨਾਮਧਾਰੀ ਇਤਿਹਾਸ, ਦੇਸ਼ ਭਗਤੀ, ਧਰਮ ਭਗਤੀ, ਗਊ ਪਾਲਣ ਦੀ ਗੱਲ ਕੀਤੀ। ਭੋਜਨ ਦੀ ਪਵਿਤ੍ਰਤਾ ਅਤੇ ਨਾਮ ਸਿਮਰਨ ਤੇ ਰੌਚਕ ਤਕਰੀਰ ਕੀਤੀ।

ਇਸ ਪਿਛੋਂ ਕੁਝ ਪ੍ਰਸਤਾਵ ਨਾਮਧਾਰੀ ਦਰਬਾਰ ਵਲੋਂ ਪਾਸ ਕੀਤੇ ਹੋਏ ਪੜ੍ਹ ਕੇ ਸੁਣਾਏ ਗਏ। ਪਹਿਲਾ ਮਤਾ ਸੀ ਯੂ. ਪੀ. ਵਿਚ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਨੂੰ ਪੜ੍ਹਾਉਣ ਲਈ ਉਚਿਤ ਪਰਬੰਧ ਦੀ ਮੰਗ ਬਾਰੇ।

ਦੂਸਰੇ ਪ੍ਰਸਤਾਵ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਵਸ ਬਸੰਤ ਪੰਚਮੀ ਤੇ ਸਰਕਾਰੀ ਛੁਟੀ ਦੀ ਮੰਗ ਬਾਰੇ ਸੀ।

ਤੀਸਰੇ ਪ੍ਰਸਤਾਵ ਵਿਚ ਜੀਵ ਰਖਿਆ ਨੂੰ ਪ੍ਰਾਥਮਿਕਤਾ ਦੇਣ ਬਾਰੇ ਮੰਗ ਸੀ ਅਤੇ ਅੰਤਮ ਪ੍ਰਸਤਾਵ ਵਿਚ ਪੂਰੇ ਭਾਰਤ ਵਿਚ ਗਊ ਹਤਿਆ ਤੇ ਸੰਪੂਰਨ ਪਾਬੰਦੀ ਦੀ ਮੰਗ ਸੀ।

**ਰਾਜੀਵ ਗਾਂਧੀ**

ਰਾਜੀਵ ਗਾਂਧੀ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਮੈਨੂੰ ਅਨੰਦ-ਕਾਰਜ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਬਹੁਤ ਖੁਸ਼ੀ ਹੋਈ ਹੈ। ਸਤਿਗੁਰੂ ਰਾਮ ਜੀ ਦਾ ਪ੍ਰੋਗਰਾਮ ਲੋਕਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਅਗੇ ਵਧਾਉਣ ਤੇ ਜ਼ਿੰਦਗੀ ਅੱਛੀ ਬਨਾਉਣਾ ਸੀ ਪੰਡਤ ਨਹਿਰੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਿਲਦੇ ਅਤੇ ਨੀਤੀ ਦੀ ਗੱਲ ਕਰਦੇ ਹੁੰਦੇ ਸਨ । ਜਿਵੇਂ ਪਹਿਲਾਂ ਕੁਰਬਾਨੀਆਂ ਕੀਤੀਆਂ ਨਾਮਧਾਰੀ ਤੋਪਾਂ ਅਗੇ ਉੱਡੇ ਹਨ ਉਵੇਂ ਹੀ ਹੁਣ ਵੀ ਪੂਰੀ ਤਾਕਤ ਨਾਲ ਕੰਮ ਕਰਨਾ ਹੈ। ਧਿਆਨ ਰਖਣਾ ਹੈ ਭਾਰਤੀ ਧਾਰਮਿਕਤਾ ਖੋਹ ਨਾ ਜਾਵੇ। ਆਬਾਦੀ ਦੂਗਣੀ ਨਾ ਹੁੰਦੀ ਤਾਂ ਤਰੱਕੀ ਦੂਗਣੀ ਹੋਣੀ ਸੀ। ਲੋਕ ਸ਼ਹਿਰਾਂ ਵਲ ਆ ਰਹੇ ਹਨ ਪਿੰਡਾਂ ਵਿਚ ਰਹਿਣਾ ਚਾਹੀਦਾ ਹੈ। ਯੋਜਨਾ ਵਿਚ ਬਹੁਤ ਜ਼ਰੂਰੀ ਗੱਲਾਂ ਰਖੀਦੀਆਂ ਹਨ ਪਰ ਅਫਸਰ ਸ਼ਾਹੀ ਕੰਮ ਨਹੀਂ ਹੋਣ ਦੇਂਦੀ ਥੱਲੇ ਤੱਕ ਗੱਲ ਨਹੀਂ ਅਪੜਦੀ।

### ਗਿਆਨੀ ਜ਼ੈਲ ਸਿੰਘ

ਤੋਪਾਂ ਦੇ ਨਿਸ਼ਾਨੇ ਵਾਸਤੇ ਇੱਟਾਂ ਰੱਖਣ ਵਾਲੇ ਬਹਾਦਰ ਸੂਰਮੇ ਵਤਨ ਪ੍ਰਸਤਾਂ ਨੂੰ ਪਰਨਾਮ ਕਰਦੇ ਹਾਂ। ਪੰਜਾਬ ਤੋਂ ਬਾਹਰ ਮੇਘਾਲਿਆ, ਨਾਗਾਲੈਂਡ, ਹੈਦਰਾਬਾਦ, ਬੰਗਲੋਰ ਆਦਿ ਥਾਵਾਂ ਤੇ ਹੋਲੇ ਮਹੱਲੇ ਦੇ ਸਮਾਗਮ ਕਰਾਓ ਜਿਥੇ ਕਰੋ ਉਥੋਂ ਦੀ ਭਾਸ਼ਾ ਵਿਚ ਕਾਰਵਾਈ ਚਲਾਓ। ਜ਼ਮੀਨਾਂ ਵੰਡਾਂਗੇ। ਊਚ ਨੀਚ ਦਾ ਇਮਤਿਆਜ਼ ਨਹੀਂ ਕੀਤਾ ਜਾਵੇਗਾ। ਮੰਦਰ ਗੁਰਦੁਆਰਾ ਮਸਜਿਦ ਇਨਸਾਨ ਤੋਂ ਉੱਚਾ ਨਹੀਂ ਹੋ ਸਕਦਾ। ਭਗਵਾਨ ਦਾ ਸਰੂਪ ਇਨਸਾਨ ਦੀ ਦੇਹ ਵਿਚ ਹੈ।

ਜ਼ੁਲਮ ਦੇਖਾ ਤੋਂ ਸ਼ਹਿਨਸ਼ਾਹ ਕੀ ਹਸਤੀ ਮੇਂ।
ਖੁਦਾ ਦੇਖਾ ਤੋਂ ਗਰੀਬੋਂ ਕੀ ਬਸਤੀ ਮੇਂ।

ਮਹਾਰਾਜ, ਔਰਤਾਂ ਨੂੰ ਮਾਪਿਆਂ ਦੀ ਜਾਇਦਾਦ ਵਿਚੋਂ ਹਿੱਸਾ ਦਵਾਓ। ਸਟੋਵ ਨਾਲ ਕਦੇ ਕੋਈ ਸੱਸ ਨਹੀਂ ਸੜੀ ਹਮੇਸ਼ਾ ਨੂਹਾਂ ਹੀ ਸੜਦੀਆਂ ਹਨ।ਇਕ ਸਿੱਖ ਨੇ ਜੈਕਾਰਾ ਗਜਾ ਦਿੱਤਾ ਜੋ ਬੋਲੇ ਸੋ ਨਿਹਾਲ ......ਗਿਆਨੀ ਜੀ ਮੂਡ ਵਿਚ ਤਕਰੀਰ ਕਰ ਰਹੇ ਸਨ ਕਹਿਣ ਲਗੇ 'ਜੋ ਬੋਲੇ' ਨਹੀਂ, 'ਬੋਲੇ ਸੋ ਨਿਹਾਲ' ਤੇ ਫੇਰ ਉਹਨਾਂ ਜੈਕਾਰਾ ਛੱਡਿਆ ਬੋਲੇ ਸੋ ਨਿਹਾਲ, ਸੰਗਤ ਵਲੋਂ ਸੁਰ ਵਿਚ ਸਤਿ ਸ੍ਰੀ ਅਕਾਲ ਦਾ ਨਾਦ ਉਠਿਆ ਗਿਆਨੀ ਜੀ ਕਹਿਣ ਲੱਗੇ, "ਵੇਖਿਆ ਕੈਸੀ ਗੂੰਜ ਪਈ ਹੈ, ਪਾਕਿਸਤਾਨ ਤੱਕ ਜਾਂਦੀ ਹੈ।"

### ਸਤਿਗੁਰੂ ਜੀ

ਅੰਤ ਉਤੇ ਬਹੁਤ ਹੀ ਸੰਖੇਪ ਪਰਵਚਨਾਂ ਦੁਆਰਾ ਸਤਿਗੁਰੂ ਜੀ ਨੇ ਆਸ਼ੀਰਵਾਦ ਦਿਤੀ। ਗਿਆਨੀ ਜ਼ੈਲ ਸਿੰਘ ਜੀ ਨੇ ਆਪਣੇ ਭਾਸ਼ਨ ਵਿਚ ਇਕ ਗੱਲ ਦਸਤਾਰ ਬਾਰੇ ਕਹੀ ਸੀ ਕਿ "ਅਸੀਂ ਇਸ ਆਪਣੀ ਪੱਗ ਨੂੰ ਸਿਧੀ ਕਹਿੰਦੇ ਹਾਂ ਤੁਸੀਂ ਆਪਣੀ ਨੂੰ ਸਿੱਧੀ ਕਹਿੰਦੇ ਹੋ" ਸਤਿਗੁਰੂ ਜੀ ਨੇ ਫਰਮਾਇਆ ਕਿ ਇਹ ਸਾਡੀ ਦਸਤਾਰ ਨਹੀਂ ਇਹ ਤਾਂ ਗੁਰੂਆਂ ਦੀ ਦਸਤਾਰ ਹੈ ਜਿਵੇਂ ਉਹ ਬੰਨਦੇ ਸਨ ਅਸੀਂ ਬੰਨਦੇ ਹਾਂ। ਸਾਨੂੰ ਨਹੀਂ ਪਤਾ ਕਿ ਇਹ ਸਿਧੀ ਹੈ ਜਾਂ ਨਹੀਂ। ਅੰਗਰੇਜ਼ ਦੀ ਪੜ੍ਹਾਈ ਦਾ ਪਰਬੰਧ ਅਜੇ ਤਕ ਬਦਲਿਆ ਨਹੀਂ ਗਿਆ। ਗੁਰਬਾਣੀ ਨੇ ਗੁਰੂ ਅਤੇ ਭਗਵਾਨ ਬਾਰੇ ਬਹੁਤ ਕੁਝ ਕਿਹਾ ਹੈ। "ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥" ਅਤੇ ਭਗਵਾਨ ਕੌਣ ਹੈ?

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ।
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥

ਜਿਵੇਂ ਜਿਸ ਨੇ ਬੀ. ਏ. ਦਾ ਇਮਤਿਹਾਨ ਪਾਸ ਕਰ ਲਿਆ ਹੈ ਉਹ ਬੀ. ਏ. ਹੈ ਇਵੇਂ ਹੀ ਜਿਸ ਵਿਚ ਸਤਿਗੁਰੂ ਅਤੇ ਭਗਵਾਨ ਵਾਲੀਆਂ ਸਿਫਤਾਂ ਹਨ ਉਹ ਸਤਿਗੁਰੂ ਅਤੇ ਭਗਵਾਨ ਹੈ। ਸਾਡਾ ਧਰਮ ਗਊ ਗਰੀਬ ਦੀ ਰਖਿਆ ਹੈ। ਸਾਡੇ ਵਿਚ ਕਦੇ ਕੁੜੀਆਂ ਸੜਨ ਵਾਲੀ ਘਟਨਾ ਨਹੀਂ ਹੋਈ।ਅਸੀਂ ਸਤਿਗੁਰਾਂ ਦੇ ਦਰਸਾਏ ਮਾਰਗ ਤੇ ਚਲਨਾ ਹੈ। ਅਸੀਂ ਨਾ ਕਾਂਗਰਸ ਦੇ ਪੈਰਾਂ ਤੇ ਖਲੋਣਾ ਹੈ ਨਾ ਹੋਰ ਪਾਰਟੀ ਦੇ। ਅਸੀਂ ਕੰਮ ਕਰਾਂਗੇ ਤਾਂ ਸਭ ਦੀ ਮਦਦ ਹੋਵੇਗੀ ਜੇ ਕੰਮ ਨਹੀਂ ਕਰਾਂਗੇ ਤਾਂ ਕੋਈ ਸਾਡੀ ਮਦਦ ਨਹੀਂ ਕਰੇਗਾ। ਤਗੜੇ ਹੋ ਕੇ ਨਾਮ ਸਿਮਰਨ ਕਰੋ ਸਮਾਜਕ ਬੁਰਾਈਆਂ ਨਾਲ ਲੜੋ। ਦਾਜ ਦਹੇਜ ਕਿਸੇ ਵੀ ਸ਼ਕਲ ਵਿਚ ਕਿਸੇ ਵੀ ਸਮੇਂ ਨਹੀਂ ਲੈਣਾ ਦੇਣਾ।

ਪਾਠਾਂ ਦੇ ਭੋਗ ਅਰਦਾਸ ਉਪਰੰਤ ਹੋਲੇ ਮਹੱਲੇ ਦੀ ਸਮਾਪਤੀ ਹੋਈ। ਇਸ ਤੋਂ ਪਹਿਲਾਂ ਪੰਡਤ ਗੋਪਾਲ ਸਿੰਘ ਜੀ ਨੇ ਐਲਾਨ ਕੀਤਾ ਸੀ ਕਿ ਅਗਲਾ ਹੋਲਾ ਪਿੰਡ ਅਮਰਾਸਰ ਜ਼ਿਲ੍ਹਾ ਸਰਸਾ ਵਿਚ ਹੋਵੇਗਾ।

ਇਸ ਹੋਲੇ ਮਹੱਲੇ ਦਾ ਬਹੁ ਪੱਖੀ ਅਸਰ ਪਿਆ ਇਕ ਤਾਂ ਸਾਰੇ ਯੂ. ਪੀ. ਵਿਚ ਨਾਮਧਾਰੀ ਸਿੱਖ ਇਤਿਹਾਸ ਅਤੇ ਸਭਿਆਚਾਰ ਦਾ ਡੂੰਘਾ ਪਰਭਾਵ ਪਿਆ ਦੂਸਰਾ ਰੇਲ ਗੱਡੀ ਚਲਦਾ ਫਿਰਦਾ ਪਰਚਾਰ ਵਹੀਰ ਸੀ। ਵਾਪਸੀ ਤੇ ਵੀ ਰੇਲ ਵਿਚ ਅਤੇ ਖੜੀ ਗੱਡੀ ਤੇ ਪਲੇਟ ਫਾਰਮਾਂ ਤੇ ਨਾਮਧਾਰੀ ਦੀਵਾਨਾਂ ਦੀਆਂ ਗੂੰਜਾਂ ਪੈਂਦੀਆਂ ਰਹੀਆਂ। ਰਾਮ ਰੰਗ ਰੰਗੇ ਹੋਲੇ ਦੇ ਯਾਤਰੀ ਭਾਵੇਂ ਕਈਆਂ ਦਿਨਾਂ ਬਾਅਦ ਘਰਾਂ ਨੂੰ ਪਰਤ ਰਹੇ ਸਨ ਪਰ ਇੰਜ ਲੱਗਦਾ ਸੀ ਜਿਵੇਂ ਭਰੇ ਮੇਲੇ ਵਿਚੋਂ ਕਢੇ ਜਾ ਰਹੇ ਹੋਣ। ਸਹਾਰਨਪੁਰ ਸਟੇਸ਼ਨ ਤੇ ਇੰਜਣ ਬਦਲਣਾ ਸੀ ਪਲੇਟ ਫਾਰਮ ਤੇ ਦੀਵਾਨਾਂ ਦੀ ਉਹ ਛਹਿਬਰ

(ਬਾਕੀ ਦੇਖੋ ਸਫਾ ੩੨ ਤੇ)



Sri Satguru Jagjit Singh Ji Elibrary NamdhariElibrary@gmail.com

## ਨਾਮਧਾਰੀ ਰੇਲਾ ਮਹੱਲਾ ਗੋਲਾ ਗੋਕਰਨ ਨਾਥ ਦੇ ਕੁਝ ਦ੍ਰਿਸ਼

ਫੋਟੋ : ਹਰਭਜਨ ਬਾਜਵਾ



'ਕੀ ਸਿਫਤ ਕਰਾਂ ਗੁਰ ਤੇਰੀ, ਤੇਰੀ ਸ਼ਾਨ ਨਿਆਰੀ ਏ'
ਯੂ. ਪੀ ਦੀ ਤਰਾਈ ਵਿਚ ਸੰਗੀਤ ਅਤੇ ਗੁਰਬਾਣੀ ਦੀ ਛਹਿਬਰ ਲਾਉਣ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਕੀਰਤਨ ਦੀ ਮੁਦਰਾ ਵਿਚ। ਉਹਨਾਂ ਦੇ ਖੱਬੇ ਸੰਗੀਤਾਚਾਰਅ ਉਸਤਾਦ ਪਿਆਰਾ ਸਿੰਘ, ਗੁਰਦੇਵ ਸਿੰਘ ਤੇ ਹੋਰ ਕਲਾਕਾਰ। ਸਾਹਮਣੇ ਦਰਸ਼ਨ ਜਾਚਕ।




"ਗੱਡੀ ਭਰ ਕੇ ਸਪੈਸ਼ਲ ਤੋਰੀ..."

Sri Satguru Jagjit Singh Ji Elibrary NamdhariElibrary@gmail.com



'ਲਮੇ ਸਫਰਾਂ ਦੀ ਦਾਸਤਾਨ'
ਗੋਲਾ ਸਟੇਸ਼ਨ ਤੇ ਸਾਧ ਸੰਗਤ ਨੂੰ ਲੈਣ ਵਾਸਤੇ ਠਾਕਰ ਦਲੀਪ ਸਿੰਘ ਜੀ (ਰਜੇ) ਆਏ ਸਨ। ਸਫਰ ਦੀ ਰਿਪੋਰਟਿੰਗ ਕਰਨ ਵਾਲੇ ਵਰਿਆਮ ਸੰਪਾਦਕ ਲਗਦੇ ਹਨ। ਸਾਹਮਣੇ ਸੰਤ ਦਿਆਲ ਸਿੰਘ ਫਗਵਾੜਾ ਆਪਣੀ ਭਜ ਨੱਠ ਦੀ ਸਫਲਤਾ ਤੇ ਪਰਸੰਨ।



"ਹਮ ਲਾਏ ਹੈਂ ਤੂਫਾਨ ਸੇ ਕਿਸ਼ਤੀ ਨਿਕਾਲ ਕੇ।"
ਗੋਲਾ ਗੋਕਰਨ ਨਾਥ ਸਟੇਸ਼ਨ ਤੇ ਅੰਮ੍ਰਿਤ ਵੇਲੇ, ਖਬਿਓਂ ਸ: ਦਇਆ ਸਿੰਘ, ਸ: ਗੁਰਦੇਵ ਸਿੰਘ ਮਦਾਰ, ਠਾਕੁਰ ਦਲੀਪ ਸਿੰਘ ਜੀ, ਸੰਤ ਹਰੀ ਸਿੰਘ, ਜਗਦੀਸ਼ ਸਿੰਘ, ਗੁਰਦਿਆਲ ਸਿੰਘ ਲੁਧਿਆਣਾ,

Sri Satguru Jagjit Singh Ji Elibrary NamdhariElibrary@gmail.com



"ਤੇਰੇ ਦਰ ਤੇ ਆਏ ਹਾਂ"

ਗਿਆਨੀ ਜ਼ੈਲ ਸਿੰਘ ਗ੍ਰਹਿ ਮੰਤਰੀ ਭਾਰਤ ਸਰਕਾਰ, ਸ੍ਰੀ ਰਾਜੀਵ ਗਾਂਧੀ ਐਮ. ਪੀ ਸਤਿਗੁਰੂ ਜੀ ਨੂੰ ਅਕੀਦਤ ਪੇਸ਼ ਕਰਦੇ ਹੋਏ। ਬੱਲੇ : ਮਹਾਰਾਜ ਬੀਰ ਸਿੰਘ ਜੀ, ਹੰਸਪਾਲ ਜੀ, ਠਾ: ਉਦੇ ਸਿੰਘ ਜੀ ਨਾਲ ਵਿਚਾਰ ਵਟਾਂਦਰਾ।



Sri Satguru Jagjit Singh Ji Elibrary NamdhariElibrary@gmail.com

"ਪੇਟ ਨਾ ਪਈਆਂ ਰੋਟੀਆਂ ਸਭੇ ਗਲਾਂ ਖੋਟੀਆਂ ।"



ਦਿਨ ਰਾਤ ਲੰਗਰ ਵਿਚ ਪ੍ਰਸ਼ਾਦੇ ਪਕਾਉਂਦੀਆਂ ਮਾਈਆਂ ।



ਲੰਗਰ ਦੌਲਤ ਵੰਡੀਅਹਿ,
[illegible] ਪਰਸਾਦੇ ।

Sri Satguru Jagjit Singh Ji Elibrary NamdhariElibrary@gmail.com

ਕਹਾਣੀ

# ਬੋਹੜ ਦੀ ਛਾਂ ਵਿਚੋਂ ਨਿਕਲੀ ਅੱਗ ?

--ਬੂਟਾ ਸਿੰਘ*

ਅੱਧੀ ਸਦੀ ਤੋਂ ਉਤੇ ਸਮਾਂ ਲੰਘ ਗਿਆ ਸੀ, ਉਸਨੂੰ ਗਰੀਬੀ ਨਾਲ ਘੋਲ ਕਰਦਿਆਂ ਨਾ ਉਹ ਆਪ ਹੀ ਮੁੱਕੀ ਤੇ ਨਾ ਗਰੀਬੀ ਨੇ ਉਸਦਾ ਪਿਛਾ ਛਡਿਆ। ਅੱਜ ਉਹੋ ਤਿੰਨੇ ਭੈਣ ਭਰਾ ਨਿੱਕੇ ਨਿੱਕੇ ਸਨ ਤਾਂ ਪਿਓ ਚਲਦਾ ਹੋਇਆ। ਸਿਖਰ ਦੁਪਹਿਰੇ ਮਾਂ ਦੇ ਘਰ ਨੂੰ ਢਾਹ ਲਗ ਗਈ, ਪਰ ਮਾਂ ਨੇ ਸਿਰੜ ਨਾ ਛਡਿਆ। ਤੇ ਨਾ ਹੀ ਬੱਚੇ ਪਾਲਨ ਵਿਚ ਅਵੇਸਲੀ ਹੋਈ।

ਵੱਡਾ ਵੀਰ ਬਿਸ਼ਨ ਸਿੰਘ ਸੋਹਣਾ ਸੀ, ਲਾਇਕ ਸੀ ਤੇ ਮੇਹਨਤੀ। ਉਹ ਵੀ ਉਸ ਜ਼ਮਾਨੇ ਮੁਤਾਬਕ ਦਰਮਿਆਨੀ ਜਿਹੀ ਡਿਗਰੀ ਲੈ ਕੇ ਸ਼ਹਿਰ ਦੇ ਲੋਕਲ ਸਕੂਲ ਵਿਚ ਆ ਲਗਾ। ਪਰੋਤਮਾਂ ਤਾਂ ਪਹਿਲਾਂ ਦੀ ਕੁੜੀਆਂ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਂਦੀ ਸੀ। ਤੇ ਸੋਚਦੀ ਸੀ ਗਰੀਬੀ ਕੱਟੀ ਗਈ। ਘਰ ਵਿਚ ਕੌਣ ਹੈ ਖਾਣ ਵਾਲਾ। ਮਾਂ ਤੇ ਨਿੱਕਾ ਵੀਰਾ, ਜਿਹੜਾ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ। ਤੇ ਦੋਹਾਂ ਭੈਣ ਭਰਾਵਾਂ ਦੀ ਤਨਖਾਹ ਮਿਲਾਕੇ ਸੌ ਰੁਪਏ ਦੇ ਕਰੀਬ ਹੋ ਜਾਂਦੀ ਸੀ। ਸੋ ਰੁਪਈਆ ਉਸ ਜ਼ਮਾਨੇ ਵਿਚ ਕਿੱਡੀ ਵੱਡੀ ਰਕਮ ਗਿਣਿਆ ਜਾਂਦਾ ਸੀ। ਘਰ ਦੀ ਸਾਰੀ ਗ੍ਰਿਸਤੀ ਪੰਜੀਆਂ ਕੁ ਰੁਪਈਆਂ ਨਾਲ ਚਲ ਜਾਂਦੀ ਤੇ ਬਾਕੀ ਬਚੀ ਏਡੀ ਵੱਡੀ ਰਕਮ ਨਾਲ ਮਾਂ ਨੂੰ ਨਿੱਘ ਆ ਜਾਂਦਾ। ਉਹ ਉਚੀ ਉਚੀ ਹੋ ਕੇ ਫਿਰਦੀ। ਤੇ ਦੁਪਹਿਰ ਵੇਲੇ ਸਕੂਲਾਂ ਤੋਂ ਥੱਕ ਕੇ ਆਏ ਭੈਣ ਭਰਾ ਲਈ ਸ਼ਰਬਤ ਬਣਾ ਕੇ ਰੱਖ ਛਡਦੀ। ਸੋਹਲ ਜਿਹੇ ਬੱਚੇ ਸੜਦੀ ਦੁਪਹਿਰੇ ਮਿਹਨਤਾਂ ਕਰਕੇ ਆਉਂਦੇ ਸਨ। ਹੋਰ ਘਰ ਵਿਚ ਹੈ ਹੀ ਕੀ ਸੀ। ਸ਼ਕਰ ਦਾ ਸ਼ਰਬਤ ਜਾਂ ਗੁਆਂਢੋਂ ਮੰਗ ਕੇ ਲਿਆਂਦੀ ਲੱਸੀ।

ਪ੍ਰੋਤਮਾਂ ਨੂੰ ਆਪਣੇ ਵੱਡੇ ਭਰਾ ਨਾਲ ਇਸ਼ਕ ਸੀ। ਉਹ ਇਸ਼ਕ ਜਿਸ ਵਿਚ ਮਨੁੱਖ ਦੂਜੇ ਉਤੋਂ ਆਪਾ ਘੋਲ ਘੁਮਾਉਂਦਾ ਹੈ। ਉਹ ਆਪਣੇ ਭਰਾਂ ਦੇ ਗੋਰੇ ਮੂੰਹ ਵਲ ਤਕਦੀ ਤਾਂ ਹਉਕਾ ਨਿਕਲ ਜਾਂਦਾ ਤੇ ਸੋਚਦੀ ਵੀਰੇ ਨੂੰ ਇਕ ਦਿਨ ਵੀ ਖੇਡਣ ਲਈ ਨਸੀਬ ਨਹੀਂ ਹੋਇਆ। ਜੰਮਦਿਆਂ ਸਿਰ ਉਤੇ ਪੰਡਾਂ ਪੈ ਗਈਆਂ ਸੂ। ਸ਼ਹੀਕੇ ਦੇ ਘਰਾਂ ਵਿਚੋਂ ਮੰਗਵੇਂ ਕਪੜੇ ਤੇ ਮੰਗਵੀਂ ਲੱਸੀ ਪੀ ਕੇ ਪੜ੍ਹਦਾ ਰਿਹਾ ਹੈ। ਯਤੀਮ...।

ਪ੍ਰੋਤਮਾ ਇੰਜ ਸੋਚਦੀ ਜਿਵੇਂ ਉਸ ਦਾ ਵੱਡਾ ਵੀਰਾ ਯਤੀਮ ਹੋਵੇ ਤੇ ਭੁੱਖਾਂ ਕੱਟਦੇ ਭਰਾ ਉਤੇ ਤਰਸ ਆ ਰਿਹਾ ਹੋਵੇ। ਉਹ ਸੋਚਦੀ ਕਿੰਨਾਂ ਕੁ ਚਿਰ ਇਹ ਹਨੇਰੀਆਂ ਰਾਤਾਂ ਰਹਿ ਸਕਦੀਆਂ ਨੇ। ਹੁਣ ਦਿਨ ਚੜ੍ਹਨ ਹੀ ਵਾਲਾ ਹੈ। ਜੀਅ ਤਾਂ ਉਸਦਾ ਕਰਦਾ, ਵੀਰੇ ਨੂੰ ਆਖੇ ਭਾਅ ਚਲ ਨੱਸ ਚਲੀਏ, ਤੂੰ ਤੇ ਮੈਂ ਕਿਸੇ ਦੁਰਾਡੀ ਜਗ੍ਹਾ, ਜਿਥੇ ਸਾਨੂੰ ਕੋਈ ਨਾ ਜਾਣਦਾ ਹੋਵੇ। ਤੇ ਨਾ ਕੋਈ ਸਮਝ ਸਕੇ ਸਾਡਾ ਆਪਸ ਵਿਚ ਕੀ ਰਿਸ਼ਤਾ ਹੈ। ਚੰਗੇ ਵੀਰੇ ਭੈਣਾਂ ਲਈ ਬੋਹੜ ਦੀ ਛਾਂ ਤੋਂ ਘਟ ਨਹੀਂ ਹੁੰਦੇ। ਵੀਰਿਆ ਮੈਂ ਚਾਹੁੰਦੀ ਹਾਂ ਮੇਰੇ ਸਿਰ ਉਤੇ ਸਦਾ ਤੇਰੀ ਸੰਘਣੀ ਛਾਂ ਰਹੇ। ਮੈਂ ਤੈਨੂੰ ਹਰ ਦੁੱਖ ਸੁਖ ਤੋਂ ਬਚਾਉਂਦੀ ਉਥੇ ਲੈ ਜਾਵਾਂ ਜਿਥੇ ਚੰਦਰਮਾਂ ਵਰਗੀ ਠੰਡ ਹੋਵੇ।

ਆਦਮੀ ਕਿੰਨਾਂ ਕੁਝ ਆਪਣੇ ਆਪ ਬਾਬਤ ਸੋਚਦਾ ਹੈ। ਤੇ ਆਪਣੇ ਆਪ ਨੂੰ ਉਚੀ ਥਾਂ ਉਤੇ ਖਿਲਾਰ ਕਦ ਦੀ ਉਚਾਈ ਨੂੰ ਪਹਾੜ ਦੀ ਉਚਾਈ ਜਿੱਡਾ ਬਣਾ ਲੈਣ ਦਾ ਜਤਨ ਕਰਦਾ ਹੈ। ਪਰ ਪਹਾੜੀ ਦੇ ਦਾਮਨ ਵਿਚ ਖਲੋਤਿਆਂ, ਉਸ ਨੂੰ ਆਪਣਾ ਆਪ ਬੌਣਾ ਲਗਦਾ ਹੈ।

ਪ੍ਰੋਤਮਾਂ ਸੁੰਦਰ ਸੀ ਤੇ ਆਪਣੇ ਜ਼ਮਾਨੇ ਦੀ ਲਾਇਕ ਕੁੜੀ। ਤੇ ਸਮਝਦੀ ਸੀ, ਉਸ ਦਾ ਵਿਆਹ ਕਿਸੇ ਬਰਿਸਟਰ ਨਾਲ ਹੋਵੇਗਾ। ਕੀ ਹੋਇਆ ਜੇ ਉਹ ਗਰੀਬ ਘਰ ਦੀ ਹੈ। ਹੋਰ ਕੀ ਘਾਟ ਹੈ ਉਸ ਵਿਚ। ਸੋਹਣੀ ਸੁਨੱਖੀ; ਲਾਇਕ ਤੇ ਪੜ੍ਹੀ ਲਿਖੀ। ਪਰ ਹਾਲਾਤ ਹੋਰ ਵਿਗੜਦੇ ਗਏ। ਤੇ ਉਸ ਦਾ ਵਿਆਹ ਉਸ ਨਿੱਕੇ ਜਿਹੇ ਦੁਕਾਨਦਾਰ ਨਾਲ ਹੋ ਗਿਆ ਜਿਹੜਾ ਸੋਹਣਾ ਤਾਂ ਜ਼ਰੂਰ ਸੀ, ਪਰ ਜ਼ਿਦੀ ਤੇ ਅੜਬ ਹੋਣ ਦੇ ਨਾਲ ਅਨਪੜ੍ਹ।

ਵਿਆਹ ਤੋਂ ਬਾਅਦ ਉਸ ਦੇ ਪਤੀ ਨੇ, ਰੱਜਵਾਂ ਪਿਆਰ ਦਿਤਾ ਤੇ ਉਹ ਅਕਸਰ ਪ੍ਰੀਤਮ ਕੌਰ ਦੀ ਥਾਂ ਉਸਨੂੰ

*ਏ-172 ਸੁਭਦਰਾ ਕਲੋਨੀ
ਸਰਾਇ ਰੁਹੇਲਾ, ਦਿੱਲੀ 110035



Sri Satguru Jagjit Singh Ji Elibrary NamdhariElibrary@gmail.com

ਪ੍ਰੋਤਮਾ ਹੀ ਆਖਦਾ। ਤੇ ਉਹ ਪ੍ਰੀਤਮ ਕੌਰ ਦੀ ਥਾਵੇਂ ਪ੍ਰੋਤਮਾ ਮਸ਼ਹੂਰ ਹੋ ਗਈ।...ਪਰ ਉਸ ਨੂੰ ਆਪਣੇ ਅਨਪੜ੍ਹ ਪਤੀ ਦੀਆਂ ਆਦਤਾਂ ਨਾਲ ਸਖਤ ਨਫਰਤ ਸੀ ਤੇ ਉਸ ਨੇ ਆਪਣਾ ਦੁਖ ਕਈ ਵਾਰੀ ਆਪਣੇ ਵੱਡੇ ਵੀਰੇ ਨੂੰ ਦਸਿਆ, ਪਰ ਉਹ ਵੀ ਕੁਝ ਕਰ ਨਾ ਸਕਿਆ। ਤੇ ਪ੍ਰੋਤਮਾ ਲਈ ਸਾਰੇ ਰਾਹ ਬੰਦ ਹੋ ਗਏ।

ਵਰ੍ਹੇ ਬਾਅਦ ਉਸ ਦੇ ਘਰ ਪੁੱਤਰ ਜੰਮ ਪਿਆ, ਜਿਸ ਨਾਲ ਉਸ ਦਾ ਮਾਨਸਿਕ ਤਨਾਓ ਕੁਝ ਘਟ ਗਿਆ। ਪਰ ਨਾਲ ਹੀ ਪਤੀ ਦੇ ਮੋਟਰ ਤੋਂ ਡਿੱਗਣ ਨਾਲ ਉਸ ਨੂੰ ਦਿਮਾਗੀ ਜਿਹੀ ਬੀਮਾਰੀ ਲਗ ਗਈ। ਪਤੀ ਬੀਮਾਰੀ ਦੇ ਕਾਰਨ ਕੰਮ ਘਟ ਕਰਦਾ, ਗਾਲ੍ਹਾਂ ਬਹੁਤੀਆਂ ਕੱਢਦਾ। ਹੁਣ ਪ੍ਰੋਤਮਾ ਗਾਲ੍ਹਾਂ ਖਾਣ ਵਿਚ ਹਿਲ ਗਈ ਸੀ। ਕੀ ਕਰਦੀ ਛੇ ਬੱਚੇ ਹੋ ਗਏ ਸਨ। ਚਾਰ ਮੁੰਡੇ ਦੋ ਕੁੜੀਆਂ। ਏਡੇ ਵੱਡੇ ਟੱਬਰ ਨੂੰ ਛੱਡ ਕੇ ਕਿਧਰ ਜਾਏ। ਨਹਿਰ ਜਾਂ ਖੂਹ ਵਿਚ ਛਾਲ ਮਾਰ ਕੇ ਮਰ ਜਾਣਾ ਵੀ ਬੱਚਿਆਂ ਨਾਲ ਅਨਿਆਂ ਸੀ।

ਪ੍ਰੋਤਮਾ ਦਾ ਵੱਡਾ ਵੀਰਾ ਅਕਸਰ ਭੈਣ ਦੇ ਦੁਖ ਵੰਡਾਉਣ ਦਾ ਜਤਨ ਕਰਦਾ। ਤੇ ਕਈ ਵਾਰੀ ਆਪਣੇ ਬੱਚਿਆਂ ਦੇ ਮੂੰਹੋਂ ਖੋਹ ਸਾਰੀ ਦੀ ਸਾਰੀ ਤਨਖਾਹ ਭੈਣ ਦੇ ਘਰ ਵਾੜ ਜਾਂਦਾ। ਜਿਸ ਦੇ ਨਤੀਜੇ ਵਜੋਂ ਦੋਹਾਂ ਘਰਾਂ ਦਾ ਕੁਝ ਨਾ ਬਣ ਸਕਦਾ।

ਫਿਰ ਰੱਬ ਨੇ ਇਕ ਹੋਰ ਮੁਸੀਬਤ ਪਾਈ, ਪ੍ਰੋਤਮਾ ਦਾ ਵੱਡਾ ਵੀਰਾ ਬਿਸ਼ਨ ਸਿੰਘ ਭਰ ਜਵਾਨੀ ਵਿਚ ਚਲ ਬਸਿਆ। ਉਹਦੇ ਵੀ ਬੱਚੇ ਸਨ, ਤੇ ਪ੍ਰੋਤਮਾ ਦੇ ਵੀ ਬੱਚੇ। ਪ੍ਰੋਤਮਾ ਆਪਣੀ ਵਿਧਵਾ ਭਾਬੀ ਨੂੰ ਤਕਦੀ ਤਾਂ ਉਹ ਧਾਈ ਮਾਰ ਰੋਂਦੀ। ਉਹ ਤੜਕੇ ਉਠਦੀ ਅਸ਼ਨਾਨ ਕਰਦੀ ਤੇ ਚੌਂਕੜੀ ਮਾਰਕੇ ਪਾਠ ਕਰਨ ਲੱਗ ਪੈਂਦੀ। ਪਾਠ ਦੀ ਸਮਾਪਤੀ ਤੇ ਅਰਦਾਸ ਕਰਦੀ ਤਾਂ ਉਸ ਦੇ ਹਮੇਸ਼ਾ ਅਥਰੂ ਵਗ ਤੁਰਦੇ। ਇਹ ਸਾਰੇ ਪਾਠ ਬਿਸ਼ਨ ਸਿੰਘ ਦੇ ਨਮਿਤ ਹੁੰਦੇ। ਤੇ ਸੋਚਦੀ ਵੀਰਾ ਇਸ ਜਹਾਨ ਤੋਂ ਕੀ ਲੈ ਗਿਆ ਹੈ। ਭੈਣ ਦਾ ਦੁਖ ਤੇ ਗਰੀਬੀ ਦੇ ਤਸੀਹੇ। ਮੇਰੇ ਕੋਲ ਬਿਨਾਂ ਅਰਦਾਸ ਦੇ ਹੋਰ ਕੀ ਹੈ?

ਪ੍ਰੋਤਮਾਂ ਭਿਜੀਆਂ ਅੱਖਾਂ ਨਾਲ ਅਰਦਾਸ ਕਰਦੀ ਤਾਂ ਉਸ ਦਾ ਮਨ ਠਰੰਮੇ ਵਿਚ ਆ ਜਾਂਦਾ। ਉਸਨੂੰ ਸ਼ਾਂਤੀ ਮਿਲਦੀ, ਪਰ ਦਿਨ ਚੜ੍ਹੇ ਲੰਮੇ ਪਏ ਪਤੀ ਦੀਆਂ ਗਾਲਾਂ, ਬੱਚਿਆਂ ਲਈ ਫੀਸਾਂ ਤੇ ਘਰ ਦੇ ਹੋਰ ਜੀਆ ਲਈ ਆਟਾ. ...ਉਸ ਨੂੰ ਯਾਦ ਆਉਂਦਾ, ਪਿਓ ਤੁਰ ਗਿਆ ਸੀ ਤਾਂ ਉਸ ਦੀ ਮਾਂ ਨੇ ਵੀ ਇਸੇ ਹੀ ਤਰ੍ਹਾਂ ਭਸੜ ਖਾ ਖਾ ਸਾਨੂੰ ਉੱਚਾ ਕੀਤਾ। ਮੇਰਾ ਆਦਮੀ ਸਿਰ ਉਤੇ ਹੈ, ਫਿਰ ਵੀ ਮੈਨੂੰ ਵਿਧਵਾਵਾਂ ਵਾਂਗ ਹੀ ਕੰਮ ਕਰਨੇ ਪੈਂਦੇ ਹਨ।

ਪ੍ਰੋਤਮਾ ਨੂੰ ਹੁਦਾਰ ਮੰਗਦਿਆਂ ਕਦੇ ਸੰਗ ਨਹੀਂ ਸੀ ਲਗੀ। ਕਿਸੇ ਘਰੋਂ ਦਾਲ ਸਬਜ਼ੀ ਲਿਆਉਦਿਆਂ ਕਦੇ ਭਾਰਾ ਮਹਿਸੂਸ ਨਹੀਂ ਸੀ ਕੀਤਾ। ਬਸ ਇਹ ਜ਼ਿੰਦਗੀ ਦੀ ਰਫਤਾਰ ਨਾਲ ਪੂਰੀ ਤਰ੍ਹਾਂ ਕਦਮ ਮੇਲ ਕੇ ਤੁਰ ਰਹੀ ਸੀ ਤੇ ਉਹ ਸੋਚਦੀ ਚਾਰ ਪੁਤਰ ਨੇ, ਪੰਜਵਾਂ ਆਦਮੀ, ਹਾਂ ਕਦੇ ਪੰਜ ਰਲ ਕਿ ਕੰਮ ਕਰਨਗੇ ਤਾਂ ਬਹਾਰਾਂ ਆ ਜਾਣ-ਗੀਆਂ। ਪਰ ਪੰਜੇ ਕਦੇ ਵੀ ਇਕੱਠੇ ਮਿਲ ਕੇ ਕੰਮ ਨਹੀਂ ਸਨ ਕਰ ਸਕੇ।

ਪ੍ਰੋਤਮਾ ਦਾ ਵੱਡਾ ਮੁੰਡਾ ਜਵਾਨ ਹੋ ਗਿਆ ਸੀ। ਜਿਹੜਾ ਇਕ ਪੈਰ ਦਬਾ ਕੇ ਤੁਰਦਾ। ਪ੍ਰੋਤਮਾਂ ਸੋਚਦੀ ਇਹ ਕਿਵੇਂ ਵਿਆਹਿਆ ਜਾਵੇਗਾ। ਇਕ ਘਰ ਵਿਚ ਗਰੀਬੀ ਦੂਜਾ ਕਜ ਵਾਲਾ ਮੁੰਡਾ।......ਪ੍ਰੋਤਮਾਂ ਦੀਆਂ ਅਰਦਾਸਾਂ ਰੰਗ ਲਿਆਈਆਂ, ਸਿਨਾਂ ਚੰਗੇ ਘਰ ਵਿਆਹਿਆ ਗਿਆ। ਕੁਝ ਦਿਨ ਬਾਅਦ ਵਿਆਹ ਦੀਆਂ ਸਾਰੀਆਂ ਖੁਸ਼ੀਆਂ, ਲੈਣੇ ਵਾਲਿਆ ਨੇ ਲਾਹ ਦਿਤੀਆਂ। ਘਰ ਵਿਚ ਹਰ ਵੇਲੇ ਮਹਾਂ ਭਾਰਤ ਮਚਿਆ ਰਹਿੰਦਾ। ਪ੍ਰੋਤਮਾਂ ਦਾ ਪਤੀ ਪੁਤਰ ਦੀ ਅਣਗਹਿਲੀ ਤੇ ਘਰ ਨਾਲ ਕੀਤੀ ਬੇਵਫਾਈ ਉਤੇ ਗਾਹਲਾਂ ਕੱਢਦਾ। ਪੁੱਤਰ ਨੂੰ ਮਾਰਨ ਆਉਂਦਾ ਤੇ ਜਦ ਉਸ ਦਾ ਗੁੱਸਾ ਠੰਡਾ ਹੁੰਦਾ ਤਾਂ ਉਸ ਦਾ ਕਾਲਜ ਘਟਨ ਲਗ ਪੈਂਦਾ। ਪ੍ਰੋਤਮਾਂ ਝਟ ਦੁਧ ਗਰਮ ਕਰਕੇ ਪਤੀ ਲਈ ਲੈ ਆਉਂਦੀ। ਤੰਗੀ ਹੋਣ ਬਾਵਜੂਦ ਉਸ ਨੂੰ ਬਦਾਮ ਤੇ ਛੁਵਾਰੇ ਦੁੱਧ ਨਾਲ ਦੇਂਦੀ। ਤੇ ਮੁੰਡਿਆਂ ਨੂੰ ਆਖਦੀ ਤੁਹਾਡੀਆਂ ਜਿੰਦਾਂ ਨੇ ਕਿਸੇ ਦਿਨ ਪਿਓ ਦੀ ਜਾਨ ਲੈ ਲੈਣੀ ਹੈ। ਇਸ ਵਾਕ ਨਾਲ ਪ੍ਰੋਤਮ ਦੀਆਂ ਅੱਖਾਂ ਵਿਚੋਂ ਅੱਥਰੂ ਨਿਕਲਣ ਲਗ ਪੈਂਦੇ।

ਵੱਡਾ ਮੁੰਡਾ ਵਖ ਸੀ। ਛੋਟਾ ਸਾਧੂ ਸਿੰਘ ਪਿਓ ਨਾਲ ਕੰਮ ਕਰਦਾ। ਰੋਟੀ ਤੁਰਦੀ ਜਾਂਦੀ। ਪਰ ਜਦ ਕਦੇ ਉਨ੍ਹਾਂ ਦੇ ਘਰ ਕੋਲੋਂ ਸਿਨਾਂ, ਲੰਘਦਾ ਤਾਂ ਪਿਓ ਦਾ ਪਾਰਾ ਉਪਰ ਚੜ੍ਹ ਜਾਂਦਾ। ਤੇ ਆਖਦਾ, ਓਏ ਕੰਜਰ ਦਿਆਂ ਪੁਤ੍ਰਾ, ਮੈਂ ਤੇਰੇ ਵਿਆਹ ਉਤੇ ਪੰਜ ਹਜ਼ਾਰ ਕਰਜ ਚੁਕ ਕੇ ਲਾਇਆ।

ਪਿਓ ਦੀਆਂ ਗਾਲਾਂ ਤੋਂ ਡਰਦਾ ਵੱਡਾ ਪੁੱਤਰ ਤੇ ਉਸ ਦੀ ਵਹੁਟੀ, ਦੂਜੇ ਤੀਜੇ ਮਹੀਨੇ ਆਉਂਦੇ ਤਾਂ ਆਪਣੇ ਚਾਚੇ ਨੂੰ ਸੋ ਦੋ ਸੋ ਰੁਪਈਆ ਦੇ ਜਾਂਦੇ ਜਿਸ ਨਾਲ ਚਾਰੇ



Sri Satguru Jagjit Singh Ji Elibrary NamdhariElibrary@gmail.com

ਚਾਚੀ ਦਾ ਗੁਸਾਂ ਰਤਾ ਠੰਡਾ ਹੋ ਜਾਂਦਾ।

ਘਰ ਦੇ ਕੀ ਬਾਹਰ ਦੇ ਸਾਰੇ ਵੱਡੇ ਨਿਕੇ, ਪ੍ਰੀਤਮਾ ਨੂੰ ਚਾਚੀ ਆਖਦੇ ਤੇ ਉਹਨਾਂ ਦੇ ਪਤੀ ਨੂੰ ਚਾਚਾ ਜੀ।

ਪ੍ਰੀਤਮਾਂ ਨੂੰ ਪੂਰਾ ਵਿਸ਼ਵਾਸ ਸੀ, ਜੇ ਵੱਡੇ ਪੁੱਤਰ ਨੇ ਸਾਥ ਨਹੀਂ ਦਿਤਾ ਤਾਂ ਛੋਟੇ ਤਿੰਨ ਨਾਲ ਹਨ। ਇਕ ਪੜ੍ਹ ਕੇ ਕਚਹਿਰੀ ਵਿਚ ਕੰਮ ਕਰਨ ਲਗ ਪਿਆ ਸੀ ਤੇ ਦੋ ਪਿਓ ਨਾਲ ਕੰਮ ਕਰਦੇ ਤੇ ਉਹਨਾਂ ਦੇ ਕੰਮ ਦੀਆਂ ਸਾਰੀਆਂ ਵਿਉਂਤਾਂ ਪ੍ਰੀਤਮਾਂ ਹੀ ਬਨਾਉਂਦੀ।

ਚਾਰੇ ਮੁੰਡੇ ਵਿਆਹੇ ਗਏ, ਧੀਆਂ ਆਪਣੇ ਘਰ ਤੁਰ ਗਈਆਂ ਤੇ ਦੋਵੇਂ ਜੀਅ ਵੱਡੇ ਮੁੰਡੇ ਦੇ ਮਕਾਨ ਦੇ ਇਕ ਤੰਗ ਜਿਹੇ ਕਮਰੇ ਵਿਚ ਰਹਿ ਗਏ। ਕੋਈ ਉਹਨਾਂ ਦੀ ਖਬਰ ਲੈਣ ਨਾ ਆਉਂਦਾ। ਉਹ ਤਾਂ ਪਿੰਜਰੇ ਵਿਚ ਤਾੜੇ ਦੋਵੇਂ ਬੁੱਡੇ ਕੁਕੜ ਸਨ। ਜਿਹੜੇ ਦਾਣਾ ਖਾਣ ਤੋਂ ਇਲਾਵਾ ਕਿਸੇ ਹੋਰ ਕੰਮ ਜੋਗੇ ਨਹੀਂ ਸਨ।

ਪ੍ਰੀਤਮਾਂ ਦਾ ਪਤੀ ਇਕੱਲਾ ਹੀ ਥੋੜਾ ਬਹੁਤ ਕੰਮ ਕਰਦਾ ਜਿਸ ਨਾਲ ਮਸਾਂ ਉਸ ਦਾ ਦੁਧ ਅਤੇ ਦਵਾਈਆਂ ਆਉਂਦੀਆਂ। ਤੇ ਘਰ ਦਾ ਕੋਈ ਕਪੜਾ ਬਣਦਾ, ਤੇ ਨਾ ਸਵਾਦ ਦੀ ਰੋਟੀ। ਪ੍ਰੀਤਮਾ ਸੋਚਦੀ ਕੀ ਪਿਆ ਹੈ, ਇਸ ਜੀਉਣ ਵਿਚ, ਉਸ ਦੇ ਆਦਮੀ ਨੇ ਪਤਾ ਨਹੀਂ ਅਜੇ ਹੋਰ ਕਿੰਨਾ ਕੁ ਚਿਰ ਜੀਉਣਾ ਹੈ। ਉਸ ਦੀ ਸੇਵਾ ਕਰਦਿਆਂ ਪੰਜਾਹ ਵਰ੍ਹੇ ਲੰਘ ਚਲੇ ਨੇ, ਜੇ ਇਕਲੀ ਹੁੰਦੀ, ਕਿਸੇ ਨਾ ਕਿਸੇ ਪੁਤਰ ਦੇ ਘਰ ਚਲੀ ਜਾਂਦੀ। ਹੋਰ ਕੁਝ ਨਾ ਹੁੰਦਾ, ਪੱਕੀ ਪਕਾਈ ਰੋਟੀ ਤਾਂ ਮਿਲਦੀ। ਇਹ ਆਦਮੀ ਕਾਹਦਾ ਹੈ। ਜਾਨਵਰਾਂ ਨਾਲੋਂ ਵੀ ਭਰਾਂਦ। ਸੁੱਤਾ ਉਠਿਆ ਗਾਹਲਾਂ ਕੱਢਣ ਲਗਦਾ ਹੈ ਤੇ ਵਾਰੀ ਵਾਰੀ ਚੋਹਾਂ ਨੂੰਹਾਂ ਦਾ ਨਾਂ ਲੈ ਕੇ ਆਖਦਾ, ਕੁਤਿਆਂ ਦੀਆਂ ਧੀਆਂ ਮੇਰੇ ਘਰ ਆ ਗਈਆਂ ਨੇ। ਹਨੇਰ ਸਾਈ ਦਾ ਮੇਰੇ ਕੋਲੋਂ ਮੇਰੇ ਮੁੰਡੇ ਛੁਪਾ ਲਏ ਨੇ। ਮੈਂ ਇਹਨਾਂ ਨੂੰ ਜੰਮਿਆਂ, ਪਾਲਿਆ, ਪੜ੍ਹਾਇਆ ਤੇ ਗਰੀਬੀ ਵਿਚ ਇਹਨਾਂ ਦੇ ਵਿਆਹ ਕੀਤੇ। ਹਨੇਰ ਸਾਂਈ ਦਾ, ਕਦੇ ਕਿਸੇ ਆ ਕੇ ਨਹੀਂ ਪੁਛਿਆ ਉਏ ਬੁਢਿਆ ਤੇਰਾ ਕੀ ਹਾਲ ਏ। ਮੋਇਆ ਕਿ ਜਿਉਂਦਾ। ਨਾ ਮਾਂ ਦੀ ਸ਼ਰਮ ਨਾ ਪਿਓ ਦਾ ਲਿਹਾਜ।

ਪ੍ਰੀਤਮਾ ਪਤੀ ਨੂੰ ਅਕਸਰ ਸਮਝਾਉਂਦੀ ਪਈ ਜੋ ਸਾਡੇ ਕਰਮਾਂ ਵਿਚ ਲਿਖਿਆ ਸੀ ਉਹ ਹੀ ਮਿਲਨਾ ਹੈ। ਨਾਲੇ ਹੋਰ ਅਸਾਂ ਕਿੰਨਾਂ ਕੁ ਜੀਉਣਾ ਹੈ ਕਿਉਂ ਨੂੰਹਾਂ ਪੁੱਤਰਾਂ ਨੂੰ ਬਦ-ਅਸੀਸਾਂ ਦੇਂਦਾ ਹੈਂ।

ਚੁਪ ਕਰ ਜਾ ਤੂੰ ਵੀ, ਬਦ ਅਸੀਸਾਂ ਦੇਂਦਾ ਹਾਂ। ਹੋਰ ਇਹਨਾਂ ਕੰਜਰਾਂ ਨੂੰ ਸਵੇਰੇ ਉਠ ਕੇ ਸੇਹਰੇ ਪਾਵਾਂ, ਪਿਓ ਮੰਜੇ ਉਤੇ ਤੜ੍ਹਫਦਾ ਹੈ, ਇਹ ਕੁਤੇ ਕੋਲੋਂ ਕੰਨ ਲਪੇਟ ਲੰਘ ਜਾਂਦੇ ਨੇ। ਉਏ ਜੇ ਤੁਹਾਡੇ ਘਰ ਇਕ ਬੱਚਾ ਹੋਰ ਜੰਮ ਪਏ ਫਿਰ ਪਾਲੋ ਕਿ ਨਾ। ਵੇਖੋ ਜੀ ਚਾਰ ਪੁੱਤਰ ਹੁੰਦਿਆਂ ਬੁਢੀ ਬੁਢਾ ਭੁੱਖੇ ਮਰਨ। ਉਏ ਜਿਵੇਂ ਤੁਸੀਂ ਬੱਚਿਆਂ ਨਾਲ ਲਾਡ ਕਰਦੇ ਹੋ, ਮੈਂ ਵੀ ਮਿਹਨਤਾਂ ਕਰਕੇ ਤੁਹਾਨੂੰ ਉਚਾ ਕੀਤਾ ਹੈ।

ਜਿਸ ਦਿਨ ਸਵੇਰੇ ਸਵੇਰ ਚਾਚਾ ਛਿੜ ਪੈਂਦਾ; ਉਹ ਫਰਸ਼ ਉਤੇ ਸੋਟੀ ਮਾਰਦਾ, ਗੁੱਸੇ ਨਾਲ ਉਹਦਾ ਗੋਰਾ ਮੂੰਹ ਤਪ ਉਠਦਾ।

ਤੇ ਚਾਰੇ ਪੁਤਰ ਬਦਨਾਮੀ ਤੋਂ ਡਰਦੇ, ਚਾਚੀ ਚਾਚੇ ਕੋਲ ਵਾਰੀ ਵਾਰੀ ਆਉਂਦੇ ਤੇ ਉਸ ਨੂੰ ਰੁਪਈਆਂ ਤੇ ਫਰੂਟ ਆਦਿ ਨਾਲ ਵਰਚਾ ਕੇ ਚਲੇ ਜਾਂਦੇ।

ਇਹ ਸਿਲਸਲਾ ਕਈਆਂ ਵਰ੍ਹਿਆਂ ਤੋਂ ਚਲਦਾ ਆ ਰਿਹਾ ਸੀ। ਤੇ ਪ੍ਰੀਤਮਾ ਸੋਚਦੀ, ਪਤਾ ਨਹੀਂ ਇਸ ਆਦਮੀ ਵਿਚ ਏਨਾਂ ਜ਼ੋਰ ਕਿਥੋਂ ਆ ਜਾਂਦਾ ਹੈ। ਗਾਹਲਾਂ ਕੱਢਦਾ ਬੁੜਕ ਬੁੜਕ ਪੈਂਦਾ ਏ। ਨਾ ਸਵੇਰੇ ਸਵੇਰੇ ਪਾਠ ਦਾ, ਨਾ ਮਾਲਾ। ਲਗ ਪੈਂਦਾ ਹੈ ਮੁੰਡਿਆਂ ਨੂੰ ਗਾਲ੍ਹਾਂ ਕਢਣ। ਮੁੰਡਿਆਂ ਤੋਂ ਹਟੇਗਾ, ਉਸ ਦਵਾਲੇ ਹੋ ਜਾਵੇਗਾ। ਪਤਾ ਨਹੀਂ ਰਬ ਨੇ ਮੇਰੀ ਖਲਾਸੀ ਕਦੋਂ ਕਰਨੀ ਹੈ। ਇਹ ਆਦਮੀ ਕੀ ਏ, ਉਸਤਰਿਆਂ ਦੀ ਮਾਲਾ ਮੇਰੇ ਗਲਪਾਈ ਹੈ, ਪਤਾ ਨਹੀਂ ਕਦੋਂ ਖਲਾਸੀ ਹੋਵੇਗੀ।

ਰੱਬ ਦਾ ਭਾਣਾ, ਪ੍ਰੀਤਮਾਂ ਦਾ ਪਤੀ ਚਲ ਵਸਿਆ। ਉਸ ਨੇ ਆਪ ਪਾਠ ਕੀਤਾ ਤੇ ਦੋ ਅਥਰੂ ਕੇਰ ਮਨ ਵਿਚ ਕਿਹਾ ਹੋਰ ਕਿੰਨਾਂ ਕੁ ਜੀਉਣਾ ਸੀ। ਬੰਦੇ ਕਰਕੇ ਸਾਰੀਆਂ ਮੁਥਾਜੀਆਂ ਸਨ। ਰੱਬ ਨੇ ਇਹ ਵੀ ਲਾਹ ਦਿਤੀਆਂ। ਹੋਰ ਕੁਝ ਨਹੀਂ ਤਾਂ ਕਚਹਿਰੀ ਵਾਲਾ ਪੁਤਰ ਸੋਖਾ ਹੈ। ਉਸ ਦੇ ਬੱਚਿਆਂ ਦੀ ਦੇਖ ਭਾਲ ਕਰ ਛਡੇਗੀ। ਉਹ ਦੋਵੇਂ ਜੀਅ ਨੌਕਰੀ ਜੁ ਕਰਨ ਜਾਂਦੇ ਨੇ ਘਰ ਦੀ ਰਾਖੀ ਲਈ ਰਖੇ ਨੌਕਰ ਨਾਲੋਂ ਵੀ ਸਸਤੀ ਹੈ।

ਪ੍ਰੀਤਮਾ ਕੁਝ ਦਿਨਾਂ ਬਾਅਦ ਨਿਕੀ ਨੂੰਹ ਵਲ ਆਪਣੀ ਟਰੰਕੀ ਚੁਕ ਕੇ ਗਈ ਤਾਂ ਉਹ ਜਾਂਦਿਆਂ ਹੀ ਗਲ ਪੈ ਗਈ। ਤੇ ਕਿਹਾ ਨਿਕਲ ਜਾ ਬੁਢੀਏ ਮੇਰੇ ਘਰੋਂ। ਤੇਰੀਆਂ ਆਦਤਾਂ ਤਾਂ ਪਹਿਲਾਂ ਹੀ ਖਰਾਬ ਨੇ, ਮੇਰੇ ਮੁੰਡੇ ਵੀ ਚੋੜ ਕਰਨ ਲੱਗੀ ਏਂ। ਇਹ ਗੱਲ ਸੁਣ ਪ੍ਰੀਤਮਾ ਦੀ ਭੁਬ ਨਿਕਲ ਗਈ ਤੇ ਉਹ ਨੁਕਰ ਵਿਚ ਬੈਠੀ ਰੋਂਦੀ ਸੋਚ ਰਹੀ ਸੀ,ਜਿਵੇਂ ਉਸ ਦੇ ਸਿਰ ਉਤੋਂ ਸੰਘਣੀ ਛਾਂ ਵਾਲਾ ਬੋਹੜ ਕਿਸੇ ਅਜ ਹੀ ਕੱਟ ਦਿਤਾ ਹੈ।



Sri Satguru Jagjit Singh Ji Elibrary NamdhariElibrary@gmail.com

# ਤਵੀ

—ਜਸਵੰਤ ਸਿੰਘ ਵਿਰਦੀ

ਤਵੀ ਨਦੀ ਪੀਰ ਪੰਜਾਲ ਤੇ ਧੌਲੀਧਾਰ ਦੇ ਵਿਚ-ਕਾਰੋਂ, ਪਹਾੜੀ ਰਾਹ ਵਿਚੋਂ ਨਿਕਲ ਕੇ ਜੰਮੂ ਸ਼ਹਿਰ ਵਲ ਇਸ ਤਰ੍ਹਾਂ ਤਰਦੀ ਹੈ, ਜਿਵੇਂ ਕੋਈ ਗੋਰੀ ਸੰਭਲ ਸੰਭਲ ਕੇ ਪੈਰ ਪੁਟਦੀ ਹੋਈ ਬੜੀ ਮੜਕ ਨਾਲ ਆਪਣੇ ਮਹਿਬੂਬ ਵਲ ਵਧ ਰਹੀ ਹੋਵੇ। ਇਸ ਦੇ ਚਮਕਦੇ ਪਾਣੀ ਦੀ ਧਾਰ ਨੂੰ ਜੇਕਰ ਜੰਮੂ ਤੋਂ ਧੁਰ ਉਪਰ ਪਹਾੜੀਆਂ ਕੋਲ ਖਲੋ ਕੇ ਵੇਖਿਆ ਜਾਵੇ ਤਾਂ ਕੁਝ ਪਲਾਂ ਦੇ ਜਾਦੂਈ ਅਸਰ ਨਾਲ ਇਕ ਸੁੰਦਰੀ ਦੇ ਚਿਹਰੇ ਅਤੇ ਚਾਲ ਜਾਂ ਪ੍ਰਭਾਵ ਉਸ ਵਿਚੋਂ ਸੰਪਸ਼ਟ ਤੌਰ ਤੇ ਦਿਸਣ ਲਗ ਪੈਂਦਾ ਹੈ।

ਉਸ ਦਿਨ ਮੇਰੇ ਤੇ ਵੀ ਇਸੇ ਤਰ੍ਹਾਂ ਦਾ ਹੀ ਜਾਦੂ ਹੋ ਗਿਆ ਸੀ। ਤਵੀ ਦੇ ਪਾਣੀ ਦੁਆਲੇ ਵਸਿਆ ਹੋਇਆ ਜੰਮੂ ਸ਼ਹਿਰ ਸ਼ਾਮ ਦੀਆਂ ਰੌਸ਼ਨੀਆਂ ਵਿਚ ਲਿਸ਼ਕ ਰਿਹਾ ਸੀ ਤੇ ਮੈਨੂੰ ਉਸ ਵੇਲੇ ਮੋਹਨ ਸਿੰਘ ਦੀ ਕਵਿਤਾ ਯਾਦ ਆ ਰਹੀ ਸੀ:

ਤਵੀ ਵਗਦੀ ਤਵੀ ਵਗਦੀ
ਇਸ ਜੰਮੂਏ ਦੇ ਪੈਰਾਂ ਦੇ ਨਾਲ ਵੇ
ਤਵੀ ਵਗਦੀ
ਮਿੱਠੀ ਲਗਦੀ ਸੋਹਣੀ ਲਗਦੀ
ਇਹ ਸੁਤ-ਉਨੀਂਦਰੀ ਜਿਹੀ ਚਾਲ ਵੇ
ਮਿੱਠੀ ਲਗਦੀ।

ਮੋਹਨ ਸਿੰਘ ਰੂਹ ਦੀਆਂ ਗਹਿਰਾਈਆਂ ਦਾ ਕਵੀ ਸੀ, ਪਰ ਉਸ ਦੇ ਗੀਤਾਂ ਵਿਚ ਬੀਤੀ ਮੁਹੱਬਤ ਦਾ, ਮਾਖਿਉਂ ਵਰਗਾ ਹੀ ਸੁਆਦ ਹੈ। ਮੋਹਨ ਸਿੰਘ ਨੇ ਆਪਣੀ ਕਵਿਤਾ ਵਿਚ ਜਿਸ ਤਰ੍ਹਾਂ ਤਵੀ ਦੇ ਇਮੇਜ ਨੂੰ ਸਾਕਾਰ ਕੀਤਾ ਹੈ, ਉਹ ਕੋਈ ਮੋਹਨ ਸਿੰਘ ਹੀ ਕਰ ਸਕਦਾ ਹੈ!

ਬਹੁਤ ਚਿਰ ਪਹਿਲਾਂ ਜਦੋਂ ਜੰਮੂ ਦੇ ਨੇੜੇ ਪੁਲ ਉਪਰ ਉਸਾਰੀ ਦਾ ਕੰਮ ਹੋ ਰਿਹਾ ਸੀ ਤਾਂ ਮੈਂ ਦੋ ਵਾਰ ਛੁੱਟੀਆਂ ਵਿਚ ਆਪਣੇ ਪਿਤਾ ਜੀ ਨੂੰ ਮਿਲਣ ਲਈ ਇਥੇ ਆਇਆ ਸਾਂ। ਮੇਰੇ ਲਈ ਉਹ ਮਸਤੀ ਅਤੇ ਬੇਪ੍ਰਵਾਹੀ ਦੇ ਦਿਨ ਹੁੰਦੇ ਸਨ ਅਤੇ ਵਾਪਸ ਪਰਤਣ ਲਗਿਆਂ ਮੇਰੀ ਵੀ ਹਾਲਤ ਇਸੇ ਤਰ੍ਹਾਂ ਦੀ ਹੀ ਹੁੰਦੀ ਸੀ:

ਦਿਲ ਤੁਰੇ ਨਾ
ਦਿਲ ਤੁਰੇ ਨਾ।
ਗੱਡੀ ਨੱਸ ਪਈ ਤਿਖੜੀ ਚਾਲ ਵੇ,
ਦਿਲ ਤੁਰੇ ਨਾ।
ਤਵੀ ਲੁਕ ਗਈ
ਮੰਦਰ ਲੁਕ ਗਏ
ਮੁੜ ਸ਼ਹਿਰਾਂ ਦੇ ਜਾਲ ਜੰਜਾਲ ਵੇ।
ਤਵੀ ਲੁਕ ਗਈ!

ਤਵੀ ਦੇ ਪਾਣੀ ਦੀ ਚਾਲ ਅਕਸਰ ਬੜੀ ਧੀਮੀ ਹੁੰਦੀ ਹੈ, ਜਿਵੇਂ ਕਿ ਪਹਾੜੀਏ ਲੋਕ ਸੁਸਤ ਚਾਲੇ ਟੁਰਦੇ ਨਜ਼ਰ ਆਉਂਦੇ ਨੇ, ਪਰ ਉਹ ਹਕੀਕਤ ਵਿਚ ਸੁਸਤ ਨਹੀਂ ਹੁੰਦੇ। ਤਵੀ ਦਾ ਸੁਭਾ ਵੀ ਪਹਾੜੀ ਲੋਕਾਂ ਵਰਗਾ ਹੀ ਹੈ। ਜੰਮੂ ਦੇ ਹੁਸਨ ਵਿਚ ਤਾਂ ਵੈਸੇ ਹੀ ਬੜੀ ਤੇਜ਼ੀ ਹੈ।

ਅਸਲ ਵਿਚ ਤਵੀ ਦਾ ਸੁਭਾ ਲੋਕਾਂ ਵਰਗਾ ਹੀ ਹੈ। ਕਦੀ ਨਿਮਰਤਾ ਵਾਲਾ ਅਤੇ ਕਦੀ ਰੋਹ ਭਰਿਆ!

ਰੱਜਿਆ-ਪੁੱਜਿਆ ਬੰਦਾ ਘੁਮੰਡੀ ਅਤੇ ਤਬਾਹਕੁੰਨ ਪ੍ਰਭਾਵ ਵਾਲਾ ਵੀ ਬਣ ਜਾਂਦਾ ਹੈ। ਇਸੇ ਤਰ੍ਹਾਂ ਹੀ ਤਵੀ ਵੀ ਬਰਸਾਤੀ ਮੌਸਮ ਵਿਚ ਪੂਰੇ ਰੋਹ ਨਾਲ ਬਿਫਰਦੀ ਚਾਲੇ ਦੌੜਦੀ ਤੇ ਕਿਸੇ ਵੀ ਸਕੇ-ਸਬੰਧੀ ਦੀ ਪ੍ਰਵਾਹ ਨਹੀਂ ਕਰਦੀ।



Sri Satguru Jagjit Singh Ji Elibrary NamdhariElibrary@gmail.com

ਮੇਰਾ ਮਿੱਤਰ ਖਾਲਿਦ ਹੁਸੈਨ ਮੈਨੂੰ ਸਕੇਂਡਲ ਪੁਆਇੰਟ ਤੇ ਖਲਿਆਰ ਕੇ ਆਪ ਮਹਿਬੂਬਾ ਨਾਲ ਪਤਾ ਨਹੀਂ ਕਿਧਰ ਚਲਾ ਗਿਆ ਸੀ । ਸਾਡੇ ਇਨ੍ਹਾਂ ਨੌਜਵਾਨ ਲੇਖਕਾਂ ਦੀ ਇਹ ਬੜੀ ਭੈੜੀ ਆਦਤ ਹੈ ਕਿ ਜਦੋਂ ਪੰਦਰਾਂ ਵੀਹ ਕਹਾਣੀਆਂ ਲਿਖ ਲੈਂਦੇ ਨੇ ਤਾਂ ਫੇਰ ਹੰਭ ਕੇ ਬਹਿ ਜਾਂਦੇ ਨੇ ।

'ਬਈ ਹੋਰ ਕਿਉਂ ਨਹੀਂ ਲਿਖਦੇ ?'

'ਪ੍ਰੇਰਣਾ ਨਹੀਂ ਰਹੀ !'

'ਫੇਰ ਇਸ਼ਕ ਕਰੋ !'

'ਸੋਚ ਰਹੇ ਹਾਂ !'

'ਇਸ਼ਕ ਵੀ ਸੋਚ ਸਮਝ ਕੇ ਹੁੰਦਾ ਹੈ ?'

'ਹਾਂ, ਅਜ ਕਲ ਤਾਂ...'

ਬਸ, ਕਈ ਵਾਰ ਤਾਂ ਇਸ਼ਕ ਵੀ ਹੁੰਦਾ ਹੈ, ਤੇ ਕਹਾਣੀਆਂ ਵਿਸਰ ਜਾਂਦੀਆਂ ਨੇ । ਪਰ ਮੇਰਾ ਮਿੱਤਰ ਖਾਲਿਦ ਇਕ ਵਖਰੇ ਸੁਭਾ ਦਾ, ਬਲਕਿ ਅਪਵਾਦ ਹੀ ਹੈ ।

ਮੇਰੇ ਪਿਛਲੇ ਪਾਸੇ ਸੱਜੇ ਹੱਥ ਪੀਰ ਪੰਜਾਲ ਅਤੇ ਖੱਬੇ ਪਾਸੇ ਧੋਲੀਦਾਰ ਦੀਆਂ ਚੋਟੀਆ ਬਰਫੀਲੀਆਂ ਅੱਖਾਂ ਨਾਲ ਚਮਕ ਰਹੀਆਂ ਸਨ, ਅਤੇ ਉਨ੍ਹਾਂ ਦੇ ਵਿਚਕਾਰ ਥਿਰ-ਕਦੀ ਤਵੀ ਜਿਵੇਂ ਕੋਈ ਰੂਪ ਹਿਲੀ ਰੇਖਾ ਹੋਵੇ ।

ਪਿਛਲੇ ਵਰ੍ਹੇ ਕੁਲਬੀਰ ਸਿੰਘ ਕਾਂਗ ਵੀ ਮੈਨੂੰ ਤਵੀ ਦੀ ਧਾਰ ਕੋਲ ਹੀ ਮਿਲਿਆ ਸੀ । ਉਸ ਦੇ ਤਨ ਮਨ ਵਿਚ ਤਵੀ ਦੀ ਸ਼ਗੁਫਤਾ ਧਾਰ ਵਾਂਗ ਹੀ ਲਲਿਤ ਨਿਬੰਧ ਰੁਸ਼ਨਾ ਰਹੇ ਸਨ । ਜਸਵੰਤ ਸਿੰਘ ਰਾਹੀ ਦੇ ਵਾਰ-ਵਾਰ ਕਹਿਣ ਤੇ ਵੀ ਮੈਂ ਉਹਦੇ ਨਾਲ ਇਥੇ ਨਹੀਂ ਸਾਂ ਆਇਆ । ਇਥੇ ਉਹਦੀ ਧੀ ਵਸਦੀ ਹੈ, ਤੇ ਧੀਆਂ ਦੇ ਘਰ ਖਾਲੀ ਹੱਥ ਬੰਦਾ ਕਿਵੇਂ ਜਾਵੇ ?...ਪਰ ਹੁਣ ਮੈਨੂੰ ਤਵੀ ਨੇ ਬੁਲਾਇਆ ਤਾਂ ਕਿਵੇਂ ਇਨਕਾਰ ਕਰਦਾ ?

ਮੈਂ ਤਵੀ ਦੇ ਪਾਣੀ ਵਲ ਤਕ ਕੇ ਡਾ: ਹਰਿਭਜਨ ਸਿੰਘ ਦੀ ਕਵਿਤਾ 'ਮੁਨੱਵਰ ਤਵੀ' ਚੇਤੇ ਕਰਨ ਦਾ ਯਤਨ ਕਰ ਰਿਹਾ ਸਾਂ, ਪਰ ਪਤਾ ਨਹੀਂ ਕਿਵੇਂ ਉਹਦੇ ਬੋਲ ਮੇਰੇ ਚਹਿਨ ਵਿਚੋਂ ਹੀ ਨਿਕਲ ਗਏ । ਡਾ. ਹਰਿਭਜਨ ਸਿੰਘ ਗੀਤ ਲਿਖਣ 'ਚ ਬੜਾ ਮਾਹਰ ਹੈ, ਪਰ ਉਸ ਦੀ ਕਵਿਤਾ ਉਹਦੀ ਵਿਦਵਤਾ ਵਾਂਗ ਹੀ ਗਹਿਰ ਗੰਭੀਰ ਬਣ ਜਾਂਦੀ ਹੈ, ਜਿਵੇਂ ਕਿ ਉਹ ਕਵਿਤਾ ਨਹੀਂ ਲਿਖ ਰਿਹਾ, ਸਗੋਂ ਕੋਈ ਥੀਸਿਸ ਲਿਖ ਰਿਹਾ ਹੋਵੇ । ਕਹਿੰਦੇ ਨੇ ਕਿ ਇਹ ਨਦੀ ਮੁਨੱਵਰ ਵਾਲੀ ਤਵੀ, ਨੌਸ਼ਹਿਰਾ ਤਵੀ ਅਤੇ ਠੰਢੇ ਪਾਣੀ ਵਾਲੀ ਤਵੀ ਦੀ ਸੰਯੁਕਤ ਧਾਰ ਦੇ ਇਕਮਿਕ ਹੋਣ ਨਾਲ ਰੂਪ ਧਾਰਨ ਕਰਦੀ ਹੈ ।

ਕਲ੍ਹ ਜਦੋਂ ਅਸੀਂ ਜੰਮੂ ਤੋਂ ਬਿਲਕੁਲ ਹੋਰ ਵੀ ਉਪਰਲੇ ਪਾਸੇ, ਪੂਰਬ ਵਲ ਖਲੋਤੇ ਸਾਂ ਤਾਂ ਮੈਨੂੰ ਲਗ ਰਿਹਾ ਸੀ, ਜਿਵੇਂ ਕਿ ਤਵੀ ਨੇ ਸਮੁੱਚੇ ਸ਼ਹਿਰ ਨੂੰ ਆਪਣੀ ਗਲਵਕੜੀ ਵਿਚ ਲਿਆ ਹੋਇਆ ਹੋਵੇ । ਇਸ ਦਾ ਪਾਣੀ ਜੰਮੂ ਦੇ ਉਪਰ ਉਤਰ-ਪੂਰਬ ਵਲ ਕੱਠਾ ਹੋ ਕੇ ਊਧਮ ਪੁਰ ਦੇ ਦੂਨ ਕੋਲੋਂ, ਪਾਸਾ ਮੋੜ ਕੇ ਇਸ ਸ਼ਹਿਰ ਵਲ ਨੂੰ ਘੁੰਮ ਜਾਂਦਾ ਹੈ । ਕਹਿੰਦੇ ਨੇ ਕਿ ਉਪਰੋਂ ਤਵੀ ਕਿਸੇ ਕਾਲੇ ਪਾਣੀ ਦੀ ਝੀਲ ਵਿਚੋਂ ਫੁਟਦੀ ਹੈ, ਜਿਸ ਦੀ ਲੋਕ ਹਰ ਵਰ੍ਹੇ ਪਰਕਰਮਾ ਕਰਦੇ ਨੇ ।

ਆਪਣੀ ਮਹਿਬੂਬਾ ਦੀ ਗਲਵਕੜੀ ਵਿਚੋਂ ਨਿਕਲ ਕੇ ਖਾਲਿਦ ਜਦੋਂ ਮੇਰੇ ਕੋਲ ਪੁੱਜਾ ਤਾਂ ਮੈਂ ਤਵੀ ਦੇ ਸਰਕਦੇ ਪਾਣੀ ਨੇੜੇ ਖਲੋਤਾ ਹੋਇਆ ਤਰੋਤਾਜ਼ਾ ਹੋ ਗਿਆ ਮਹਿਸੂਸ ਕਰ ਰਿਹਾ ਸਾਂ ।

'ਛੱਡ ਆਇਆ ਏਂ...ਆਪਣੀ... ?'

'ਹਾਂ !' ਉਹਨੇ ਮੁਸਕਰਾ ਕੇ ਕਿਹਾ—'ਜੇਕਰ ਪੰਜਾਬੀਆਂ ਨੇ ਝਨਾ ਨੂੰ ਮੁਹੱਬਤ ਦਾ ਕੇਂਦਰ ਬਣਾਇਆ ਹੋਇਆ ਹੈ ਤਾਂ ਅਸਾਂ ਜੰਮੂਏ ਦੇ ਲੋਕਾਂ ਨੇ ਤਵੀ ਨੂੰ...।''

'ਇਹਦਾ ਮਤਲਬ ਹੈ ਕਿ ਜੰਮੂ ਵਿਚ ਵੀ ਆਸ਼ਿਕ...'

'ਕਿਥੇ ਨਹੀਂ ਹੁੰਦੇ ?'

'ਕਿਸੇ ਇਕ ਦਾ ਨਾਂ ਦਸ !'

ਉਹ ਸੋਚੀਂ ਪੈ ਗਿਆ ।

ਹਾਲੇ ਅਸੀਂ ਗਲਾਂ ਹੀ ਕਰ ਰਹੇ ਸਾਂ, ਜਦੋਂ ਕਿ ਸਾਡੇ ਨੇੜੇ ਹੀ, ਜੰਮੂਏ ਦੀਆਂ ਰੰਨਾ ਤਵੀ ਦੇ ਕੰਢੇ ਕੋਲ ਬੈਠੀਆਂ ਗਾ ਰਹੀਆਂ ਸਨ '

'ਤਵੀਆ ਕੰਢੇ ਗੋਰੀ ਬਾਗ ਲੁਆਇਆ,<br>ਮੇਰਾ ਫੁੱਲ ਰੁਪਏ ਵਿਕੇਆ ਵੇ ਲੋਕਾਂ ।'

'ਸੁਣ !' ਮੈਂ ਕਿਹਾ । ਖਾਲਿਦ ਔਰਤਾਂ ਦੇ ਚਿਹਰੇ ਪਛਾਣ ਰਿਹਾ ਸੀ ।

'ਦੇਸ ਛੋੜੀ ਪਰਦੇਸ ਨਿੰ ਜਾਇਆ<br>ਮੇਰੀ ਨਿਰਮਲ ਕਾਇਆ ਤਰਸੀ ਵੇ ਲੋਕਾ !'

ਇਕ ਹੋਰ ਆਵਾਜ਼ :

'ਤਵੀਆ ਕੰਢੇ ਗੋਰੀ ਪਲੰਗ ਡੁਹਾਇਆ,<br>ਮੇਰੀ ਸੇਜ ਰੁਪੱਏ ਵਿਕਦੀ ਵੇ ਲੋਕਾ ।'

'ਸਾਡੇ ਬਹੁਤੇ ਪਿਆਰੇ ਗੀਤ ਬਿਰਹਾ-ਵਿਯੋਗ ਨੂੰ ਪ੍ਰਗਟ ਕਰਨ ਵਾਲੇ ਹੀ ਨੇ !'

'ਮੁਹੱਬਤ ਦੀ ਪਰਖ ਵੀ ਤਾਂ ਬਿਰਹਾ ਨਾਲ ਹੀ



Sri Satguru Jagjit Singh Ji Elibrary NamdhariElibrary@gmail.com

ਹੁੰਦੀ ਹੈ !'

'ਪਰ ਜੇਕਰ ਮੁਹੱਬਤ ਹੋਵੇ !'

'ਹਾਂ, ਇਹ ਤਾਂ ਹੈ ਹੀ...'

'ਕਈ ਵਾਰ ਵਿਰਹਾ ਦੇ ਪ੍ਰਭਾਵ ਨਾਲ ਵੀ ਮੁਹੱਬਤ ਦਾ ਰੰਗ ਮਜੀਠਿਆ ਜਾਂਦਾ ਹੈ !'

'ਹੋ ਸਕਦੈ !'

ਜੰਮੂ ਸ਼ਹਿਰ ਦੇ ਮੁਨਾਰੇ ਅਤੇ ਮੰਦਰਾਂ ਦੇ ਉਚੇ ਉਚੇ ਕਲਸ ਸੁਰਮਈ ਸ਼ਾਮ ਦੀ ਧੁੰਦ ਵਿਚ ਲਿਪਟ ਕੇ ਬੜੇ ਹੀ ਰਹਿਸਵਾਦੀ ਪ੍ਰਤੀਤ ਹੋ ਰਹੇ ਸਨ। ਰੋਸ਼ਨੀਆਂ ਦੀ ਧੁੰਦਲਾਹਟ ਹਰ ਪਾਸੇ ਫੈਲਰ ਕੇ ਹਨੇਰੇ ਨੂੰ ਚੀਰਨ ਦਾ ਅਸਫਲ ਜਤਨ ਕਰ ਰਹੀ ਸੀ।

'ਇਹ ਔਰਤਾਂ ਕੌਣ ਨੇ ?'

'ਜਿਨ੍ਹਾਂ ਦੇ ਖ਼ਾਵੰਦ ਪਰਦੇਸੀ ਨੇ !'

'ਜੰਮੂ ਦੇ ਬਹੁਤੇ ਲੋਕ ਫੌਜ ਵਿਚ ਹੀ ਰਹਿ ਜਾਂਦੇ ਨੇ ?'

'ਪਰ ਹੁਣ ਦੇਸ਼ ਦੇ ਹੋਰ ਸ਼ਹਿਰਾਂ 'ਚ ਵੀ ਨੌਕਰੀ ਲਈ ਜਾਣ ਲਗ ਪਏ ਨੇ !'

'ਕੁਝ ਵੀ ਹੋਵੇ, ਤੁਹਾਡੀਆਂ ਰੰਨਾ ਨੇ ਤਵੀ ਦੇ ਪਾਣੀ ਨੂੰ ਨਿਖਾਰਿਆ ਖੂਬ ਹੈ !'

'ਤਵੀ ਵਿਚ ਵੀ ਤਾਂ ਇਨ੍ਹਾਂ ਰੰਨਾ ਦਾ ਹੁਸਨ ਹੀ ਝਲਕਦਾ ਹੈ !'

'ਪਤਲੇ ਅਤੇ ਤਿੱਖੇ ਨੈਣ-ਨਕਸ਼ਾਂ ਵਾਲੀਆਂ ਡੋਗਰੀਆਂ ਦੇ ਹੁਸਨ ਦੀ ਦੁਨੀਆਂ ਵਿਚ ਬੜੀ ਤਾਰੀਫ ਹੈ !'

'ਹੌਲੀ ਬੋਲ !' ਖਾਲਿਦ ਨੇ ਮੈਨੂੰ ਟੋਕਿਆ।

'ਕਿਉਂ ?'

'ਕਿਉਂ ਕੀ ? ਜੇਕਰ ਇਥੋਂ ਦੀਆਂ ਔਰਤਾਂ ਨੇ ਤੇਰੀ ਗੱਲ ਸੁਣ ਲਈ ਤਾਂ ਮਰਦਾਂ ਦਾ ਜੀਉਣਾ ਹਰਾਮ ਹੋ ਜਾਵੇਗਾ !'

'ਤਾਂ ਕੀ ਹੁਣ ਉਹ ਸੁੱਖ ਨਾਲ ਜੀਉ ਰਹੇ ਨੇ ?!

'ਮੇਰਾ ਖਿਆਲ ਹੈ !'

'ਖਿਆਲ ਹੀ ਕਿਉਂ ?'

'ਕਿਉਂਕਿ ਮੈਂ ਇਥੇ ਗਰਮੀਆਂ ਵਿਚ ਹੀ ਆਉਂਦਾ ਹਾਂ ' ਸਰਕਾਰੀ ਕਾਗਜ਼ਾਤ ਨਾਲ ਹੀ...'

'ਮੈਨੂੰ ਤਾਂ ਲਗਦਾ ਹੈ ਕਿ ਤਵੀ ਜੰਮੂ ਵਾਲਿਆਂ ਦੇ ਦਿਲਾਂ ਵਿਚ ਵੀ ਧੜਕਦੀ ਹੈ !...ਜਦੋਂ ਦਰਿਆ ਤੇ ਨਦੀਆਂ ਲੋਕ-ਗੀਤਾਂ ਦੀ ਆਤਮਾ ਵਿਚ ਰਚ ਮਿਚ ਜਾਂਦੇ ਨੇ, ਤਾਂ ਉਹ ਕੇਵਲ ਦਰਿਆ ਹੀ ਨਹੀਂ ਰਹਿੰਦੇ !'

'ਹਾਂ, ਇਹ ਠੀਕ ਹੈ !'

'ਜੇਕਰ ਗਲਤ ਹੈ ਤਾਂ ਕਹਿ ਜੇ !'

'ਨਹੀਂ', ਸਗੋਂ ਮੈਂ ਤਾਂ ਸਮਝਦਾ ਹਾਂ ਕਿ ਤਵੀ ਤੋਂ ਬਗੈਰ ਜੰਮੂ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ !'

ਤਦੇ ਹੀ ਸ਼ਾਇਦ ਇਸ ਸ਼ਹਿਰ ਨੂੰ ਵੀ ਜੰਮੂ-ਤਵੀ ਕਿਹਾ ਜਾਂਦਾ ਹੈ !'

'ਹਾਂ !'

ਤਵੀ ਦੇ ਪਾਣੀ ਵਿਚੋਂ ਇਕ ਤੇਜ਼ ਛੱਲ ਸਾਡੇ ਵਲ ਵਧੀ ਆ ਰਹੀ ਸੀ, ਜਿਸ ਕਰਕੇ ਅਸੀਂ ਖਾਮੋਸ਼ ਹੋ ਗਏ !

ਬੜੇ ਵਰ੍ਹੇ ਪਹਿਲਾਂ ਡੋਗਰੀ ਭਾਸ਼ਾ ਦੇ ਲੋਕ ਗੀਤ ਇਕੱਠੇ ਕਰਦਿਆਂ ਹੋਇਆਂ ਮੈਨੂੰ 'ਚੰਨ' ਨਾਂ ਦਾ ਜਿਹੜਾ ਗੀਤ ਲੱਭਾ ਸੀ, ਉਸ ਵਿਚ ਵੀ ਤਵੀ ਠਾਠਾਂ ਮਾਰਦੀ ਸੀ।

ਚੰਨ ਪਹਾੜਾ ਚੜ੍ਹਿਆ ਉਪਰ ਜੋ ਬਾਹਵੇ,
ਕਿਆ ਕਰੀ ਆਮਾਂ ਚੰਨਾ ਤਵੀ ਠਾਠਾਂ ਮਾਰੇ।
ਚੰਨ ਪਹਾੜਾ ਚੜ੍ਹਿਆ ਨਦੀਆ ਦੇ ਪਾਰ ਓ,
ਕੋਦੇ ਹੱਥ ਭੇਜਾਂ ਚੰਨਾ ਛਤਰੀ ਰੁਮਾਲ ਓ।

ਜੰਮੂ ਦੇ ਲੋਕਾਂ ਵਰਗੀ ਹੀ ਉਨ੍ਹਾਂ ਦੀ ਡੋਗਰੀ ਭਾਸ਼ਾ ਮਾਸੂਮੀਅਤ ਭਰੀ, ਪਰ ਪੂਰੀ ਸ਼ਾਨ ਸ਼ੌਕਤ ਵਾਲੀ, ਦਿਲੀ ਭਾਵਾਂ ਨਾਲ ਭਰਪੂਰ ਹੈ। ਦਿਲੀ ਭਾਵਾਂ ਦੀ ਰੰਗਣ ਤੋਂ ਬਗੈਰ ਭਾਸ਼ਾ ਨਿਖਰ ਹੀ ਕਿਵੇਂ ਸਕਦੀ ਹੈ ?

ਹਾਲੇ ਜਦੋਂ ਮੈਂ ਜੰਮੂ ਨਹੀਂ ਸਾਂ ਆਇਆ ਤਾਂ ਖਾਲਿਦ ਨੇ ਇਕ ਖਤ 'ਚ ਮੈਨੂੰ ਤਵੀ ਬਾਰੇ ਲਿਖਿਆ ਸੀ !

'ਦਰਿਆ ਤਵੀ ਕੈਲਾਸ਼ ਪਰਬਤ ਚੋਂ ਨਿਕਲਦਾ ਹੈ। ਭਦਰਵਾਹ ਤੋਂ ਅਗੇ, ਸਿਉਜਧਾਰ ਵਿਚੋਂ !

'ਇਹ ਪਰਬਤ ਜੰਮੂ-ਕਸ਼ਮੀਰ ਦੇ ਜ਼ਿਲਾ ਡੋਡਾ ਦੀ ਤਹਿਸੀਲ ਭਦਰਵਾਹ ਅਤੇ ਹਿਮਾਚਲ ਪ੍ਰਦੇਸ਼ ਦੇ ਇਲਾਕੇ ਚੰਬਾ ਵਿਚਕਾਰ ਵਾਕਿਆ ਹੈ। ਕੈਲਾਸ਼ ਪਰਬਤ ਵਿਚੋਂ ਤਿੰਨ ਨਿੱਕੇ ਦਰਿਆ ਜਾਂ ਨਦੀਆਂ ਨਿਕਲਦੀਆਂ ਹਨ।

'ਦਰਿਆ ਤਵੀ, ਜਿਹੜਾ ਡੋਡਾ ਤੇ ਬਸੰਤ ਗੜ੍ਹ (ਤਹਿਸੀਲ ਰਾਮ ਨਗਰ, ਜ਼ਿਲਾ ਊਧਮਪੁਰ) ਕਨੇ ਹਨ, (ਜ਼ਿਲਾ ਊਧਮਪੁਰ) ਊਧਮ ਪੁਰ ਨਗਰੋਟਾ ਤੇ ਜੰਮੂ ਤੋਂ ਹੋਂਦਿਆਂ ਹੋਇਆਂ ਸਿਆਲਕੋਟ ਦੇ ਨੇੜੇ ਚਿਨਾਬ ਵਿਚ ਜਾ ਮਿਲਦਾ ਹੈ।'

'ਤਵੀ ਵਰਗੇ ਇਥੇ ਨੇੜੇ ਹੋਰ ਵੀ ਤਾਂ ਦਰਿਆ ਹੋਣਗੇ !'

'ਹਾਂ, ਨੀਰੂ ਭਦਰਵਾਹ ਵਿਚੋਂ ਵਹਿੰਦਿਆ ਹੋਇਆਂ



Sri Satguru Jagjit Singh Ji Elibrary NamdhariElibrary@gmail.com

ਡੋਡਾ ਕੋਲ ਦਰਿਆ ਚਿਨਾਬ ਵਿਚ ਮਿਲ ਜਾਂਦਾ ਹੈ।

'ਹੋਰ ?'

'ਦਰਿਆ ਉੱਝ, ਬਲਾਵਰ ਪਹਾੜ ਵਿਚੋਂ ਨਿਕਲਦਾਂ ਹੋਇਆ ਕਠੂਏ ਆਂਦਾ ਹੈ ਤੇ ਮਗਰੋਂ ਦਰਿਆ ਰਾਵੀ ਵਿਚ ਮਿਲ ਜਾਂਦਾ ਹੈ।'

'ਤਵੀ ਦੀ ਲੰਬਾਈ ?'

'ਕਾਫੀ ਹੈ !'

'ਫੇਰ ਵੀ ?'

'ਮਾਪੀ ਨਹੀਂ ਕਿਸੇ ਨੇ ! ਹਾਲੇ ਇਹ ਕੰਮ ਹੋਣ ਵਾਲਾ ਹੈ !'

ਪਲ ਭਰ ਮਗਰੋਂ ਉਹਨੇ ਫੇਰ ਕਿਹਾ : 'ਕੈਲਾਸ਼ ਪਰਬਤ ਦੀਆਂ ਚਾਰ ਟੀਸੀਆਂ ਨੇ, ਜਿਨ੍ਹਾਂ ਵਿਚ ਇਕ ਵੱਡੀ ਝੀਲ ਵੀ ਹੈ !'

'ਤੂੰ ਉਹ ਝੀਲ ਤੱਕੀ ਐ ?'

'ਨਹੀਂ ਹਾਲੇ।'

'ਹੂੰ ! ਤੇਰੀ ਮਹਿਬੂਬਾ ਹੁਣ ਘਰ ਪੁਜ ਗਈ ਹੋਵੇਗੀ ?'

'ਤੈਨੂੰ ਉਹਦਾ ਖਿਆਲ ਕਿਵੇਂ ਆਇਆ।

'ਝੀਲ ਕਰਕੇ ! ਬੀਵੀ ਅਤੇ ਝੀਲ ਵਿਚ ਕਾਫੀ ਹਮਆਹੰਗੀ ਹੈ...ਪਰ ਮੈਨੂੰ ਤਾਂ ਤੇਰੀ ਮਹਿਬੂਬਾ ਵੀ ਝੀਲ ਵਰਗੀ ਹੀ...'

ਖਾਲਿਦ ਹੱਸ ਪਿਆ ! 'ਤੂੰ ਉਸਨੂੰ ਮੇਰੀ ਬੀਵੀ ਹੀ ਸਮਝ !'

'ਝੂਠ ਨਾ ਬੋਲੀਂ !'

'ਨਹੀਂ ਸੱਚ !'

'ਫੇਰ ਤੂੰ ਖੁਸ਼ ਕਿਸਮਤ ਏਂ !'

'ਕਿਵੇਂ ?'

'ਉਹ ਤੈਨੂੰ ਦੋਹਰੀ ਮੁਹੱਬਤ ਦੇ ਰਹੀ ਹੈ !'

'ਹਾਂ, ਇਹ ਤਾਂ ਹੈ ਹੀ...'

'ਬਸ ਇਹੋ ਹੀ ਨਿਆਮਤ ਇਸ ਧਰਤੀ ਤੇ ਦੁਰਲਭ ਵਸਤੂ ਹੈ !'

ਖਾਲਿਦ ਖੁਸ਼ ਹੋ ਗਿਆ। ਮੈਨੂੰ ਲਗਾ ਜਿਵੇਂ ਕਿ ਉਹਦਾ ਕੱਦ ਬੁੱਤ ਵੀ ਹੋਰ ਲੰਮੇਰਾ ਹੋ ਗਿਆ।

ਖਾਲਿਦ ਨੇ ਕਿਹਾ ! 'ਲੈ, ਮੈਂ ਤੈਨੂੰ ਤਵੀ ਦੇ ਆਰ-ਪਾਰ ਖਲੋਤੇ ਪ੍ਰੇਮੀਆਂ ਦੇ ਸੰਵਾਦ ਲੋਕ ਗੀਤ 'ਚ ਸੁਣਾਂਦਾ ਹਾਂ।'

'ਸੌਣ ਮਹੀਨੇ ਬਰਖਾ ਬਰ੍ਹਦੀ
ਤ੍ਰਵੀਆਂ ਪੌਂਦੇ ਹਾੜ੍ਹ ਸਜਨਾਂ
ਓ ਤਵੀ ਦੇਆ ਤਾਰੂਆ
ਸਾਨੂੰ ਟਪਾਇਆ ਪਾਰ।'
'ਜ਼ੁਲਫਾਂ ਕਟਾਨੀ ਆਂ ਰੱਸਾ ਬਨਾਨੀ ਆਂ
ਬਾਹਮੇਂ ਧੇ ਲਾਨੀ ਆ ਬਾਂਸ
ਓ ਤਵੀ ਦੇਆ ਤਾਰੂਆ
ਬਾਹਮੇਂ ਦੇ ਲਾਨੀ ਆਂ ਬਾਂਸ
ਛਾਤੀ ਚਰੀਨੀ ਆਂ ਬੇੜੀ ਬਨਾਨੀ ਆਂ
ਝੱਟ ਪੁੱਜੀ ਜੰਨੀ ਪਾਰ
ਓ ਤਵੀ ਦੇਆ ਤਾਰੂਆਂ
ਝੱਟ ਪੁੱਜੀ ਜੰਨੀ ਪਾਰ'
ਅਜੇ ਦੀ ਰਾਤੀਂ ਰਹੋ ਸਾਡੀ ਨਗਰੀ
ਕਲ ਟਪਾਂਗੇ ਪਾਰ ਗੋਰੀਏ
ਕਲ ਟਪਾਂਗੇ ਪਾਰ।'

'ਵਾਹਵਾ !'

'ਕਿਸ ਗੱਲ ਲਈ ?'

'ਇਸ ਗੀਤ ਵਿਚਲੀ ਮੁਹੱਬਤ ਲਈ !'

'ਤਾਂ ਠੀਕ ਹੈ !'

ਸ਼ਾਮ ਨੇ ਢਲ ਕੇ ਰਾਤ ਦਾ ਰੂਟ ਬਣਾ ਲਿਆ ਸੀ, ਅਤੇ ਸ਼ਹਿਰ ਦੀਆਂ ਰੋਸ਼ਨੀਆਂ ਹੋਰ ਵੀ ਦਿਲਕਸ਼ ਪ੍ਰਤੀਤ ਹੋਣ ਲਗ ਪਈਆਂ ਸਨ। ਖਾਲਿਦ ਦਾ ਘਰ ਇਥੇ, ਸ਼ਹਿਰੋਂ ਦੂਰ, ਝੀਲ ਦੇ ਨੇੜੇ ਹੀ ਸੀ, ਪਰ ਮੈਨੂੰ ਮੇਰਾ ਪਰਮ ਮਿੱਤਰ ਪ੍ਰੋ: ਦਿਲਜੀਤ ਸਿੰਘ ਉਡੀਕ ਰਿਹਾ ਸੀ। ਮੈਂ ਉਹਨੂੰ ਹਰ ਵਾਰ ਵਾਂਗ ਨਿਰਾਸ਼ ਨਹੀਂ ਸਾਂ ਕਰਨਾ ਚਾਹੁੰਦਾਂ।

ਤਵੀ ਦੇ ਜਨਮ ਤੇ ਸਫਰ ਬਾਰੇ ਮੈਨੂੰ ਖਾਲਿਦ ਹੀ ਦਸ ਗਿਆ ਸੀ, ਇਸ ਕਰਕੇ ਮੈਂ ਖਾਲਿਦ ਨੂੰ ਸਕੱਤਰੇਤ ਤੋਂ ਉਹਦੇ ਦਫਤਰ ਵਿਚੋਂ ਲਿਆਇਆ ਸਾਂ। ਦਿਲਜੀਤ ਸਿੰਘ ਤਾਂ ਕੋਰਸ ਦੀਆ ਕਿਤਾਬਾਂ ਨਾਲ ਮੱਥਾ ਮਾਰ ਕੇ ਹੀ ਖੁਸ਼ ਹੈ, ਤਵੀ ਦੇ ਜਲਵੇ ਵਲ ਉਹਦਾ ਬਹੁਤਾ ਧਿਆਨ ਨਹੀਂ ਜਾਂਦਾ।

ਮੈਂ ਖਾਲਿਦ ਨੂੰ ਕਿਹਾ ! 'ਆਪਾਂ ਪ੍ਰੋ: ਦਿਲਜੀਤ ਕੋਲ ਚਲਦੇ ਹਾਂ ! ਫੇਰ ਅਸੀਂ ਤੈਨੂੰ ਘਰ ਛੱਡ ਅਵਾਂਗੇ !' 'ਆਪਾਂ ਤਰੇਏ ਵੀ ਤਾਂ ਮੇਰੇ ਘਰ ਰਹਿ ਸਕਦੇ ਆਂ। ਮੇਰੇ ਦਿਲ ਮੇਰੇ ਦਿਲ 'ਚ ਬੜੀ ਥਾਂ ਹੈ...' ਖਾਲਿਦ ਨੇ ਕਿਹਾ ਤੇ ਮੇਰੇ ਨਾਲ ਤਵੀ ਦੇ ਪਾਣੀ ਕੋਲ ਦੀ ਦਿਲਜੀਤ ਦੇ ਘਰ ਵਲ ਚਲ ਪਿਆ।

ਰਾਹ 'ਚ ਅਸਾਂ ਆਪਸ ਵਿਚ ਕੋਈ ਗੱਲ ਨਹੀਂ ਕੀਤੀ। ਸਾਡੀ ਗੁਫਤਗੂ ਕੇਵਲ ਤਵੀ ਨਾਲ ਹੀ ਸੀ। ★



Sri Satguru Jagjit Singh Ji Elibrary NamdhariElibrary@gmail.com

ਕਵਿਤਾ

# ਅਬੋਲ ਰੂਹਾਂ

ਹਰਨਾਮ ਸਿੰਘ ਨਾਜ਼

ਹਰ ਬਿਰਛ ਆਪਣੀ ਛਾਇਆ
ਆਪ ਲੈਕੇ ਉਗਦਾ ਹੈ।
ਛਾਇਆ, ਬਿਰਛ ਦੇ ਵਿਚ ਵੀ
ਉਗਦੀ ਤੇ ਵਿਗਸਦੀ ਰਹਿੰਦੀ ਹੈ।
ਬਿਰਛ ਅੰਦਰ ਇਕ ਹੋਰ ਬਿਰਛ
ਉਗਦਾ ਰਹਿੰਦਾ ਹੈ।

ਬ੍ਰਹਮ ਨੇ ਮਾਇਆ ਰੱਚੀ
ਮਾਇਆ ਨੇ ਬ੍ਰਹਮ ਨੂੰ ਨਹੀਂ ਸਿਰਜਿਆ
ਛਾਇਆ ਆਪਣੀ ਕੁੱਖ ਵਿਚ
ਬ੍ਰਹਮ ਦਾ ਭਾਰ ਝਲ ਨਹੀਂ ਸਕਦੀ ਕਦੇ

ਹਰ ਬਿਰਛ ਕਦੇ
ਆਪਣੀ ਛਾਇਆ ਵਿਚ ਖੜਾ ਰਹਿੰਦਾ ਹੈ
ਕਦੇ ਛਾਇਆ ਕਿਸੇ ਛਿਣ
ਬਿਰਛ ਦੇ ਅੰਦਰ ਖੜੀ ਦਿਸਦੀ ਹੈ।

ਛਾਇਆ ਕਦੇ ਵਿਲੀਣ ਹੋ ਕੇ
ਬਿਰਛ ਅੰਦਰ ਅਲੋਪ ਹੋ ਜਾਂਦੀ ਹੈ।
ਕਦੇ ਬਿਰਛ ਵਿਚ ਸਮਾ ਜਾਂਦਾ ਹੈ।
ਬਿਰਛ ਅਤੇ ਛਾਇਆ ਇੰਝ ਥਾਂ ਬਦਲਦੇ ਰਹਿੰਦੇ ਨੇ।

ਕਦੇ ਸੂਰਜ ਧਰਤੀ ਦੀ ਬੁਕਲ ਵਿਚ
ਨੀਂਦ ਗੂੜ੍ਹੀ ਮਾਣਦਾ ਜਾਪੇ।
ਕਦੇ ਛਾਇਆ ਆਪਣੀ ਬੁਕਲ ਵਿਚ
ਬਿਰਛ ਨੂੰ ਲੋਰੀਆਂ ਦੇਂਵਦੀ ਜਾਪੇ

ਹਰ ਛਾਇਆ ਬਿਰਛ ਦੇ ਨਾਲ ਉਗਦੀ ਹੈ, ਪਲਦੀ ਹੈ
ਫਿਰ ਬਿਰਛ ਦੇ ਸੰਗ ਮੁਟਿਆਰ ਹੁੰਦੀ ਹੈ
ਬਿਰਛ ਇਕ ਦਿਨ ਉਮਰ ਦੇ ਗ਼ਮਾਂ ਦੇ ਬੋਝ ਥੱਲੇ,
ਸਿਰ ਨਿਵਾਕੇ ਲੇਟ ਜਾਂਦਾ ਹੈ।
ਛਾਇਆ ਸਿੜੀ ਬਣਕੇ ਸਾਲਾਂ ਤੀਕ
ਉਹਦੀ ਮੌਤ ਦਾ ਗ਼ਮ ਸਹਿੰਦੀ ਹੈ।

ਫਿਰ ਇਕ ਹੋਰ ਮੌਤ ਹੁੰਦੀ ਹੈ
ਗਲੀ ਵਿਚ ਮੁਹੱਲੇ ਵਿਚ
ਮੋਏ ਬਿਰਛ ਦੇ ਟੋਟੇ
ਅਤੇ ਟੋਟਿਆਂ ਦਾ ਬਾਲਣ
ਪਾੜਿਆ ਜਾਣ ਲਗਦਾ ਹੈ।
ਮੋਇਆਂ ਨੇ ਕਦੇ ਉਠ ਕੇ ਬਾਤ ਨਹੀਂ ਪਾਈ
ਛਾਇਆ ਦਾ ਤਾਂ ਬੰਦ ਬੰਦ
ਕੱਟਿਆ ਜਾਣ ਲਗਦਾ ਹੈ।
ਪੋਰੇ ਪੋਰੇ ਹੋਕੇ ਵੀ ਉਹ
ਸੋਗ ਦੀ ਸਿੜੀ ਦੇ ਕੁਝ ਥਲੇ ਤੇ ਕੁਝ ਉਪਰ
ਚਿੱਤਾ ਵਿਚ ਇਕ ਅਦਿੱਖ ਚਿੱਤਾ
ਸੋਗ ਵਿਚ ਇਕ ਅੱਦਿਖ ਸੋਗਣ ਬਣਕੇ
ਸਤੀ ਹੋਣ ਲਗਦੀ ਹੈ।

ਐ ਮੇਰੇ ਪ੍ਰਭੂ
ਤੇਰੀ ਰਚਨਾ ਵਿਚ ਮਾਇਆ ਹਰਜਾਈ ਹੈ।
ਤੇਰੀ ਰਚਨਾ ਵਿਚ ਛਾਇਆ
ਸਤੀ ਹੋਕੇ ਵੀ ਮੁਕਤ ਨਹੀਂ; ਹੁੰਦੀ
ਇਹਨਾਂ ਅਬੋਲ ਰੂਹਾਂ ਦਾ ਰਾਮ ਕੌਣ ਬਣੇਗਾ?



Sri Satguru Jagjit Singh Ji Elibrary NamdhariElibrary@gmail.com

# ਡਾ: ਜਗਤਾਰ ਦੀ ਪਾਕਿਸਤਾਨ ਯਾਤਰਾ

ਡਾ: ਜਗਤਾਰ ਨਾਲ ਉਹਨਾਂ ਦੀ ਪਾਕਿਸਤਾਨੀ ਯਾਤਰਾ ਤੇ ਉਥੋਂ ਦੇ ਪੰਜਾਬੀ ਸਾਹਿਤ ਬਾਰੇ ਕਰਨੈਲ ਸਿੰਘ ਨਿੱਝਰ ਦੀ ਗੱਲਬਾਤ ।



? ਜਗਤਾਰ ਜੀ, ਤੁਹਾਡੀ ਪਾਕਿਸਤਾਨ ਬਾਰੇ ਇਕ ਇੰਟਰਵਿਊ 'ਲੋਅ' ਦੇ ਅਕਤੂਬਰ ਅੰਕ ਵਿਚ ਛਪੀ ਸੀ, ਪਰ ਉਹ ਉਥੋਂ ਦੇ ਸਾਹਿਤ ਬਾਰੇ ਤੁਹਾਡੇ ਵਿਚਾਰ ਸਨ । ਪਰ ਮੈਂ ਚਾਹੁੰਦਾ ਹਾਂ ਕਿ ਅੱਜ ਦੀ ਇੰਟਰਵਿਊ ਨੂੰ ਦੋ ਭਾਗਾਂ ਵਿਚ ਵੰਡ ਕੇ ਗੱਲ ਕੀਤੀ ਜਾਵੇ । ਇਕ ਪਾਕਿਸਤਾਨੀ ਯਾਤਰਾ ਬਾਰੇ ਦੂਜਾ ਸਮੁੱਚੇ ਸਾਹਿਤ ਬਾਰੇ । ਹੁਣ ਤੁਸੀਂ ਦੱਸੋ ਕਿ ਪਾਕਿਸਤਾਨ ਵਿਚ ਤੁਸੀਂ ਕਿਸ ਕਿਸ ਥਾਂ ਦੀ ਯਾਤਰਾ ਕੀਤੀ ?

--ਨਿੱਝਰ ਸਾਹਿਬ, ਅਸਲ ਵਿਚ ਮੇਰੇ ਮਨ ਦੀ ਇਹ ਪਰਬਲ ਇੱਛਾ ਹੈ ਕਿ ਮੈਂ ਪਾਕਿਸਤਾਨ ਨੂੰ ਵਾਰ ਵਾਰ ਦੇਖਾਂ । ਮੈਂ ਪਹਿਲਾਂ ਪਹਿਲ ੧੯੫੭ ਵਿਚ ਪਾਕਿਸਤਾਨ ਗਿਆ ਸੀ । ਕੋਈ ਪੰਜ, ਛੇ ਹਫਤੇ ਉਥੇ ਰਿਹਾ ਸਾਂ । ਉਸ ਸਮੇਂ ਮੈਂ ਪਿਸ਼ਾਵਰ, ਲਾਹੌਰ, ਕਸੂਰ ਤੇ ਝੰਗ ਦੇਖ ਸਕਿਆ ਸਾਂ । ਪਰ ਉਸ ਸਮੇਂ ਮੈਨੂੰ ਕੋਈ ਵਿਸ਼ੇਸ਼ ਲੇਖਕ ਨਹੀਂ ਸਨ ਜਾਣਦੇ । ਸੋ ਮੈਂ ਬੇਮੁਹਾਰ ਸੂਰਜ ਵਾਂਗ ਇਹਨਾਂ ਸ਼ਹਿਰਾਂ ਵਿਚ ਘੁੰਮ ਘੁਮਾ ਕੇ ਛੋਟੇ ਛੋਟੇ ਲੇਖਕਾਂ ਨੂੰ ਮਿਲਕੇ ਵਾਪਸ ਆ ਗਿਆ । ਫੇਰ ਮੈਂ ੧੯੭੯ ਈਸਵੀ ਵਿਚ ਇਕ ਜਥੇ ਨਾਲ ਲਾਹੌਰ ਗਿਆ । ਬਹੁਤ ਲੇਖਕਾਂ ਨੂੰ ਮਿਲਿਆ । ਜੁਗਿੰਦਰ ਕੌਰ ਵੀ ਮੇਰੇ ਨਾਲ ਸੀ । ਭਾਵੇਂ ਅਸੀਂ ਪੰਜ ਛੇ ਦਿਨ ਹੀ ਲਾਹੌਰ ਰਹੇ, ਪਰ ਇਹ ਪੰਜ ਛੇ ਦਿਨ ੧੯੫੭ ਦੇ ਪੰਜ ਛੇ ਹਫਤਿਆਂ ਨਾਲੋਂ ਵੱਧ ਸਫਲ ਜਾਪੇ । ਹੁਣ ਤੀਜੀ ਵਾਰੀ ਮੈਂ ਫਿਰ ਪਾਕਿਸਤਾਨ ਗਿਆ । ਮੈਨੂੰ ਪਾਕਿਸਤਾਨ ਜਾਣ ਦੀ ਆਗਿਆ ਜ਼ਿਆ ਉਲ ਹੱਕ ਦੀ ਹਕੂਮਤ ਨੇ ਖੁਲ੍ਹ ਦਿਲੀ ਵਿਖਾਉਂਦਿਆਂ ਦਿਤੀ । ਇਸ ਯਾਤਰਾ ਨੂੰ ਸਫਲ ਬਣਾਉਣ ਵਿਚ ਸ਼ੇਖ ਮੁਨੀਰ ਅਹਿਮਦ ਸਾਹਿਬ ਦਾ ਵੀ ਬੜਾ ਹੱਥ ਹੈ । ਇਸ ਵਾਰ ਜਦੋਂ ਮੈਂ ਬਾਰਡਰ ਕਰਾਸ ਕੀਤਾ ਤਾਂ ਬੜਾ ਅਜੀਬ ਅਜੀਬ ਲੱਗ ਰਿਹਾ ਸੀ । ਇੰਜ ਲਗਦਾ ਸੀ, ਜਿਵੇਂ ਦੁਸ਼ਮਣਾਂ ਦੇ ਦੇਸ਼ ਜਾ ਰਿਹਾ ਹੋਵਾਂ । ਕਿਉਂਕਿ ਉਹਨਾਂ ਦਿਨਾਂ ਵਿਚ ਜੰਗ ਦੇ ਹੂਲੇ ਉਡ ਰਹੇ ਸਨ । ਪਰ ਪਹਿਲੇ ਦਿਨ ਹੀ ਰੱਬ ਨਵਾਜ਼ ਮਲਕ, ਬਸ਼ੀਰ ਮੁਨਜ਼ਰ, ਅਬਦੁੱਲ ਕਰੀਮ ਕੁਦਸੀ, ਸਿਬਤੁਲ ਹਸਨ ਜ਼ੈਗਮ, ਸਲੀਮ ਕਾਸਰ, ਸ਼ਾਹੀਨ ਮਲਕ, ਦਿਲਸ਼ਾਦ ਟਿਵਾਣਾ ਤੇ ਹੋਰ ਅਨੇਕਾਂ ਲੇਖਕਾਂ ਨੂੰ ਮਿਲਕੇ ਇਹ ਸਹਿਮ ਕਾਫੀ ਹੱਦ ਤੱਕ ਚੁੱਕਿਆ ਗਿਆ ।

ਰਾਤ ਦਾ ਖਾਣਾ ਆਰ. ਡੀ. ਜ਼ਿਆ ਸਾਹਿਬ ਨੇ ਭਾਰਤੀ ਲੇਖਕਾਂ ਨੂੰ ਲਾਹੌਰ ਦੇ ਸਭ ਤੋਂ ਮਹਿੰਗੇ ਹੋਟਲ 'ਹਿਲਟਨ' ਵਿਚ ਦਿਤਾ । ਜ਼ਿਆ ਸਾਹਿਬ ਬੜੇ ਪਿਆਰੇ ਇਨਸਾਨ ਹਨ । ਮੈਂ ਪਹਿਲੇ ਅੱਠ ਦਸ ਦਿਨ ਲਾਹੌਰ ਹੀ ਰਿਹਾ ਅਤੇ ਇਥੋਂ ਦੀਆਂ ਇਤਿਹਾਸਕ ਤੇ ਧਾਰਮਕ ਥਾਂਵਾਂ ਬੜੀ ਨੀਝ ਨਾਲ ਦੇਖੀਆਂ । ਇਹਨਾਂ ਦਿਨਾਂ ਵਿਚ ਮੇਰੇ ਨਾਲ ਡਾ: ਵੀ.ਐਨ. ਤੀਵਾੜੀ ਵੀ ਸਨ । ਵਾਰਸਸ਼ਾਹ ਦੇ ਮੁਜ਼ਾਰ ਤੇ ਜੰਡਿਆਲਾ ਸ਼ੇਰ ਖਾਂ ਵਿਖੇ ਤਾਂ ਅਸੀਂ ਬਹੁਤ ਸਾਰੇ ਪਾਕਿਸਤਾਨੀ ਲੇਖਕਾਂ ਨਾਲ ਭਾਰਤੀ ਲੇਖਕ ਉਸਦੇ ਉਰਸ ਤੇ ੨੩ ਜੁਲਾਈ ੧੯੮੧ ਨੂੰ ਗਏ ਸਾਂ । ਪਰ ਡਾ: ਵੀ.ਐਨ. ਤੀਵਾੜੀ ਦੀ ਬੜੀ ਤੀਬਰ ਰੀਝ ਤੇ ਸ਼ਰਧਾ ਸੀ ਕਿ ਮੈਂ ਗੁਰੂ ਨਾਨਕ ਦੀ ਜਨਮ ਭੂਮੀ ਦੇ ਦਰਸ਼ਨ ਕਰਾਂ । ਪਰ ਮੇਰੇ ਕੋਲ ਵੀਜ਼ਾ ਨਹੀਂ ਸੀ । ਪਰ ਮੈਂ ਡਾ: ਸਾਹਿਬ ਦੀ ਖਾਹਿਸ਼ ਨੂੰ ਮੁਖ ਰੱਖਦਿਆਂ ਹੋਇਆਂ ਆਪਣੇ ਇਕ ਯਾਰ ਦੀ ਕਾਰ ਲੈ ਕੇ ਨਨਕਾਣਾ ਸਾਹਿਬ ਪੁੱਜ ਗਿਆ । ਉਥੇ ਮੈਂ ਇਤਿਹਾਸਕ ਥਾਂਵਾਂ ਦੇਖਣ ਤੋਂ ਬਿਨਾਂ ਆਪਣੇ ਦੋਸਤਾਂ ਨੂੰ ਵੀ ਮਿਲਿਆ ਤੇ ਆਪਣੇ ਬਚਪਨ ਦਾ ਸਕੂਲ ਵੀ ਵੇਖਿਆ ।

? ਹੁਣ ਤੁਸੀਂ ਇਹ ਵੀ ਦੱਸੋ ਕਿ ਹੋਰ ਕਿਹੜੀਆਂ ਕਿਹੜੀਆਂ ਥਾਵਾਂ ਤੁਸੀਂ ਉਥੇ ਦੇਖੀਆਂ ?

—ਭਾਵੇਂ ਮੇਰੇ ਦਿਲ ਵਿਚੋਂ ਸਹਿਮ ਕਾਫੀ



Sri Satguru Jagjit Singh Ji Elibrary NamdhariElibrary@gmail.com

ਹੱਦ ਤੱਕ ਲਹਿ ਗਿਆ ਸੀ। ਪਰ ਅਜੇ ਵੀ ਮੇਰੇ ਦਿਲ ਅੰਦਰ ਡਰ ਸੀ। ਗੁਜਰਾਂ ਵਾਲੇ ਮੇਰੇ ਦੋਸਤਾਂ ਨੇ ਈਦ ਮਿਲਨ ਦੀ ਖੁਸ਼ੀ ਵਿਚ ਕੀਤੇ ਮੁਸ਼ਾਇਰੇ ਵਿਚ ਮੈਨੂੰ ਬੁਲਾਇਆ। ਜਿਸ ਵਿਚ ਮੈਨੂੰ ਡਾ: ਵਜ਼ੀਰ ਆਗਾ, ਆਰਫ ਅਬਦੁਲ ਮੁਤੀਨ, ਯਿਜ਼ਦਾਨੀ ਜਲੰਧਰੀ, ਮਨਜ਼ੂਰ ਅਹਿਮਦ ਮਨਜ਼ੂਰ, ਨਾਸਿਖ਼ ਅਰਫ਼ਾਨੀ, ਅਕਬਰ ਹਮੀਦੀ, ਉਨਸਰ ਅਲੀ, ਖੁਸ਼ਨੁਦਾ ਬੇਗਮ, ਜਾਨ ਕਸ਼ਮੀਰੀ ਆਦਿ ਨੂੰ ਮਿਲਣ ਦਾ ਮੌਕਾ ਮਿਲਿਆ: ਪਾਕਿਸਤਾਨ ਦੇ ਇਕ ਬੜੇ ਹੀ ਨਾਮਵਰ ਤੇ ਤਰੱਕੀ ਪਸੰਦ ਕਹਾਣੀਕਾਰ ਅਸਲਮ ਸੁਰਾਜੁੱਦੀਨ ਨੇ ਮੈਨੂੰ ਬੜੇ ਹੀ ਪਿਆਰ ਨਾਲ ਆਪਣੇ ਘਰ ਰੱਖਿਆ। ਦੂਜੇ ਦਿਨ 'ਪੰਜਾਬੀ ਅਦਬੀ ਸੰਗਤ' ਵਾਲਿਆਂ ਨੇ ਮੇਰੇ ਸਨਮਾਨ ਵਿਚ ਇਕ ਪਾਰਟੀ ਕੀਤੀ। ਜਿਸ ਵਿਚ ਬਹੁਤ ਸਾਰੇ ਲੇਖਕ ਇਕੱਠੇ ਹੋਏ। ਅਕਬਰ ਹਮੀਦ ਮੁਹਸਨ, ਜਾਵੈਦ ਅਮੀਨ ਖਿਆਲ, ਉਨਸਰ ਅਲੀ ਉਨਸਰ ਤੇ ਹੋਰ ਕਿੰਨੇ ਹੀ ਲੇਖਕ ਸਨ। ਅਬਦੁਲ ਕਰੀਮ ਕੁਦਸੀ ਤੇ ਮੁਹੰਮਦ ਸਾਦਕ ਜੰਜੂਆ ਲਾਹੌਰ ਤੋਂ ਹੀ ਮੇਰੇ ਨਾਲ ਗਏ ਸਨ।

ਮੈਂ ਮਹਾਰਾਜਾ ਰਣਜੀਤ ਸਿੰਘ (ਜਿਸ ਹਵੇਲੀ ਵਿਚ ਉਹਨਾਂ ਦਾ ਜਨਮ ਹੋਇਆ) ਨਲੂਆ ਹਾਊਸ, ਗੁਜਰਾਂਵਾਲੇ ਦੇ ਬਾਜ਼ਾਰ, ਲਾਇਬਰੇਰੀਆਂ, ਗੌਰਮਿੰਟ ਕਾਲਜ ਖਾਸ ਦੇਖਣ ਯੋਗ ਥਾਂਵਾਂ ਹਨ ਦੇਖੀਆਂ। ਰਣਜੀਤ ਸਿੰਘ ਦੇ ਜਨਮ ਸਥਾਨ ਦੀ ਮੁਰੰਮਤ ਲਈ ਜ਼ਿਆ ਹਕੂਮਤ ਨੇ ਸੱਤ ਲੱਖ ਰੁਪੈ ਦਿਤੇ ਹਨ। ਅਸਲ ਵਿਚ ਨਿੱਝਰ ਸਾਹਿਬ, ਗੱਲ ਤਾਂ ਲੰਮੀ ਆਂ। ਰਾਤ ਨੂੰ ਜਾਨ ਕਸ਼ਮੀਰੀ ਨੇ ਆਪਣੇ ਘਰ ਵਿਚ ਇਕ ਸਾਹਿਤਕ ਮੀਟਿੰਗ ਬੁਲਾਈ। ਜਿਸਦੀ ਪ੍ਰਧਾਨਗੀ ਸਿਬਤੁਲ ਹਸਨ ਜ਼ੈਗਮ ਨੇ ਕੀਤੀ। ਏਸੇ ਤਰਾਂ ਮੈਂ ਰਾਵਲਪਿੰਡੀ ਵਿਚ ਅਫਜ਼ਲ ਪ੍ਰਵੇਜ਼ ਦੇ ਘਰ ਕਈ ਦਿਨ ਰਿਹਾ। ਉਥੇ ਵੀ ਮੇਰੇ ਸਨਮਾਨ ਵਿਚ ਕਈ ਦਾਅਵਤਾਂ ਹੋਈਆਂ। ਮੈਂ ਏਥੇ ਆਪਣੇ ਪੁਰਾਣੇ ਤੇ ਨਵੇਂ ਦੋਸਤਾਂ ਅਹਿਮਦ ਜ਼ਫਰ, ਫਤਿਹ ਮੁਹੰਮਦ ਮਲਕ, ਜਮੀਲ ਮਲਕ, ਦਾਊਦ ਅਹਿਮਦ, ਮਨਸੂਰ ਕੈਸਰ ਤੇ ਹੋਰ ਬਹੁਤ ਲੇਖਕਾਂ ਨੂੰ ਮਿਲਿਆ।

ਮੈਂ ਇਸਲਾਮਾਬਾਦ ਵੀ ਗਿਆ। ਇਸਲਾਮਾਬਾਦ ਬਹੁਤ ਹੀ ਖ਼ੂਬਸੂਰਤ ਤੇ ਅਧੁਨਿਕ ਸ਼ਹਿਰ ਹੈ। ਸਾਡੇ ਚੰਡੀਗੜ੍ਹ ਤੋਂ ਵੀ ਕਈ ਗੁਣਾ ਖ਼ੂਬਸੂਰਤ। ਸ਼ਕਰਪੜੀਆ ਮੈਨੂੰ ਬਹੁਤ ਹੀ ਖੂਬਸੂਰਤ ਥਾਂ ਜਾਪੀ। ਇਸੇ ਤਰ੍ਹਾਂ ਮੈਂ ਪਾਕਿਸਤਾਨ ਦੀਆਂ ਬਹੁਤ ਸਾਰੀਆਂ ਥਾਂਵਾਂ ਮਾਣਕਿਆਲਾ, ਟੈਕਸਲਾ, ਸਿਰਕੱਪ ਦਾ ਸ਼ਹਿਰ, ਚੌਵੀ ਪੱਚੀ ਸੌ ਸਾਲ ਪੁਰਾਣੀ ਬੋਧੀ ਯੂਨੀਵਰਸਿਟੀ, ਜਿਹਲਮ, ਮਾਰਗੱਲਾ, ਹਰੀਪੁਰ ਗੁਜਰਾਤ, ਮੁਲਤਾਨ, ਸ਼ਾਹੀਵਾਲ ਆਦਿ ਦੇਖੇ।

? ਤੁਹਾਡੇ ਦੱਸਣ ਅਨੁਸਾਰ ਤੁਸੀਂ ਪਾਕਿਸਤਾਨ ਵਿਚ ਬਹੁਤ ਘੁੰਮੇ ਫਿਰੇ ਓ। ਹੁਣ ਤੁਸੀਂ ਉਥੋਂ ਦੇ ਨਾਵਲਕਾਰਾਂ ਤੇ ਨਾਵਲਾਂ ਬਾਰੇ ਵੀ ਕੁਝ ਦੱਸੋ।

—ਉਥੇ ਹੁਣ ਤੱਕ ਪੈਂਤੀ ਵਰ੍ਹਿਆਂ ਵਿਚ ਵੀਹ ਕੁ ਨਾਵਲ ਛਪੇ ਹਨ। ਜਿਹੜੇ ਨਾਵਲ ਜ਼ਿਕਰ ਗੋਚਰੇ ਹਨ, ਉਹ ਇਧਰ ਗੁਰਮੁਖੀ ਲਿਪੀ ਵਿਚ ਛੱਪ ਚੁੱਕੇ ਹਨ। ਤੁਸੀਂ ਇਹ ਨਾਵਲ ਪੜ੍ਹੇ ਵੀ ਹੋਣਗੇ। ਪਰ ਇਹਨਾਂ ਨਾਵਲਾਂ ਤੋਂ ਬਿਨਾਂ ਉਧਰ ਛਪੇ ਨਾਵਲਾਂ ਵਿਚੋਂ ਦੋ ਤਿੰਨ ਨਾਵਲ ਬਹੁਤ ਹੀ ਵਧੀਆ ਹਨ। ਇਹਨਾਂ ਵਿਚੋਂ ਇਹਸਾਨ ਬਟਾਲਵੀ ਦਾ 'ਇਕ ਇੱਜੜ ਦੀ ਕਹਾਣੀ' 'ਦਿਲ ਤੇ ਦੀਵਾ' ਅਤੇ ਹੁਣੇ ਹੁਣੇ ਛਪਿਆ ਅਫਜ਼ਲ ਹਸਨ ਰੰਧਾਵਾ ਦਾ ਨਾਵਲ 'ਦੁਆਬਾ' ਬਹੁਤ ਹੀ ਬੁਲੰਦ ਪਾਇਆ ਨਾਵਲ ਹੈ। ਪਰ ਬਾਕੀ ਨਾਵਲ ਬੜੇ ਹੀ ਉਪਭਾਵੁਕ ਕਿਸਮ ਦੇ ਕੱਚੇ ਪਿੱਲੇ ਜਿਹੇ ਹਨ। ਜੇ ਇਹ ਤਿੰਨ ਨਾਵਲ ਵੀ ਇਧਰ ਛਪ ਜਾਣ ਤਾਂ ਉਹਨਾਂ ਦੇ ਅੱਠ, ਨੌਂ ਸਭ ਤੋਂ ਵਧੀਆ ਨਾਵਲ ਸਾਡੇ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹੋ ਜਾਣ। ਇਸ ਤੋਂ ਬਿਨਾਂ ਉਥੋਂ ਦਾ ਨਾਵਲ ਬਹੁਤ ਹੀ ਕਮਜ਼ੋਰ ਹੈ।

? ਹੁਣ ਤੁਸੀਂ ਲਗਦੇ ਹੱਥ ਪਾਕਿਸਤਾਨ ਦੀ ਕਹਾਣੀ ਬਾਰੇ ਵੀ ਚਾਨਣਾ ਪਾਓ।

—ਸਾਡੀ ਕਹਾਣੀ ਪਾਕਿਸਤਾਨ ਦੀ ਕਹਾਣੀ ਤੋਂ ਬਹੁਤ ਅੱਗੇ ਹੈ। ਪਾਕਿਸਤਾਨ ਵਿਚ ਕਹਾਣੀਆਂ ਲਿਖਣ ਵਾਲੇ ਬਹੁਤ ਲੇਖਕ ਹਨ। ਇਹਨਾਂ ਵਿਚੋਂ ਅਨਵਰ ਅਲੀ, ਹੁਸੈਨ ਸ਼ਾਹਦ, ਅਫਜ਼ਲ ਅਹਸਨ ਰੰਧਾਵਾ, ਅਸਲਮ ਸਰਾਜੁਦੀਨ, ਮਨਸੂਰ ਕੈਸਰ, ਮੁਹੰਮਦ ਮਨਸ਼ਾਯਾਦ ਪੈਰ ਨਾਲ ਪੈਰ ਮੇਚਕੇ ਤੁਰਦੇ ਹਨ। ਇਹਨਾਂ ਨੇ ਚੰਗੀਆਂ ਕਹਾਣੀਆਂ ਲਿਖੀਆਂ ਹਨ। ਪਰ ਜਿਸ ਪਾਏ ਦੇ ਪਾਕਿਸਤਾਨ ਵਿਚ ਮਜ਼ਹਰੁਲ ਇਸਲਾਮ, ਅਹਿਮਦ ਦਾਊਦ, ਮੁਹੰਮਦ ਮਨਸ਼ਾਯਾਦ, ਸੁਰਾਜਮੁਨੀਰ, ਖਾਲਦਾ ਅਸਗਰ ਆਦਿ ਉਰਦੂ ਦੇ ਬਹੁਤ ਵਧੀਆ ਕਹਾਣੀਕਾਰ ਹਨ, ਉਸਦੇ ਮੁਕਾਬਲੇ ਤੇ ਪੰਜਾਬੀ ਕਹਾਣੀਕਾਰ ਪਿੱਛੇ ਹਨ।

? ਜਗਤਾਰ ਜੀ, ਤੁਸੀਂ ਪਾਕਿਸਤਾਨੀ ਸਾਹਿਤ ਦੇ ਦੂਜੇ ਪੱਖਾਂ ਬਾਰੇ ਵੀ ਆਪਣੇ ਵਿਚਾਰ ਦੱਸੋ।

—ਪਾਕਿਸਤਾਨ ਵਿਚ ਕੁਝ ਬਹੁਤ ਵਧੀਆ ਡਰਾਮੇ ਲਿਖੇ ਗਏ ਹਨ। ਇਹਨਾਂ ਵਿਚ ਮੇਜਰ ਇਸਹਾਕ ਮੁਹੰਮਦ ਦੇ 'ਕੁਕਨੂਸ' ਤੇ 'ਮੁਸੱਲੀ'। ਮੁਨੂੰ ਭਾਈ ਦਾ 'ਜਜ਼ੀਰਾ' ਨਜ਼ਮ ਹੁਸੈਨ ਸਯੀਦ ਦਾ 'ਤਖ਼ਤ ਲਾਹੌਰ' ਸਾਡੇ ਕੁਝ ਇਕ ਗਿਣੇ ਮਿਥੇ ਨਾਟਕਾਂ ਦੇ ਮੁਕਾਬਲੇ ਤੇ ਰੱਖੇ ਜਾ ਸਕਦੇ ਹਨ। ਇਸੇ ਤਰ੍ਹਾਂ ਟੀ.ਵੀ. ਨਾਟਕ 'ਉੱਚੇ ਬੁਰਜ ਲਾਹੌਰ ਦੇ' ਬਹੁਤ



Sri Satguru Jagjit Singh Ji Elibrary NamdhariElibrary@gmail.com

ਬਹੁਤ ਵਧੀਆ ਨਾਟਕ ਹੈ। ਪਰ ਇਹਨਾਂ ਨਾਟਕਾਂ ਦੀ ਗਿਣਤੀ ਨਿਰਾਸ਼ਾਜਨਕ ਹੈ। ਉਂਜ ਟੀ.ਵੀ. ਤੇ ਰੇਡੀਓ ਨਾਟਕ ਸਾਡੇ ਟੀ.ਵੀ. ਤੇ ਰੇਡੀਓ ਨਾਟਕਾਂ ਤੋਂ ਬਹੁਤ ਅੱਗੇ ਹਨ। ਅਲੋਚਨਾ ਵਿਚ ਉਹਨਾਂ ਦੇ ਕੁਝ ਅਲੋਚਕਾਂ ਨੇ ਬੜੇ ਮਾਅਰਕੇ ਦਾ ਕੰਮ ਕੀਤਾ ਹੈ। ਇਹਨਾਂ ਵਿਚ ਸਈਯਦ ਅਲੀ ਅਬਾਸ ਜਲਾਲਪੁਰੀ, ਇਕਬਾਲ ਸਲਾਹੁਦੀਨ, ਆਸਫ ਖਾਂ, ਇਵਾਨ ਅਨਵਰ ਬੇਗ, ਸਿਬਤੁਲ ਹਸਨ ਜ਼ੈਗਮ, ਨਜ਼ਮ ਹੁਸੈਨ ਸਈਯਦ ਦੀ ਅਲੋਚਨਾ ਬੜੀ ਕੰਪਰੇਹਿਨਸਵ (comprehensive) ਹੈ। ਕੁਝ ਲੋਕਾਂ ਨੇ ਪੰਜਾਬੀ ਸ਼ਾਇਰਾਂ ਬਾਰੇ ਉਰਦੂ ਵਿਚ ਚੰਗਾ ਕੰਮ ਕੀਤਾ ਹੈ। ਇਸ ਖੇਤਰ ਵਿਚ ਵੀ ਗੁਲਾਮ ਹੁਸੈਨ ਅਜ਼ਹਰ ਦਾ ਕੰਮ ਸਲਾਹੁਣਾ ਯੋਗ ਹੈ। ਕਾਵਿ-ਸਾਹਿਤ ਵਿਚ ਮੁਨੀਰ ਨਿਆਜ਼ੀ, ਫਖ਼ਰ ਜ਼ਮਾਨ, ਅਫਜ਼ਲ ਅਹਸਨ ਰੰਧਾਵਾ, ਅਫਜ਼ਲ ਪ੍ਰਵੇਜ਼, ਨਜ਼ਮ ਹੁਸੈਨ ਸਈਯਦ, ਅਬਾਸ ਅਤਹਰ, ਡਾ: ਲਈਕ ਬਾਵਰੀ, ਰਾਸ਼ਦ ਹਸਨ ਰਾਣਾ, ਅਬਦੁਲ ਕਰੀਮ ਕੁਦਸੀ, ਤਨਵੀਰ ਬੁਖ਼ਾਰੀ, ਰਿਆਜ਼ਸ਼ਾਦ, ਸ਼ਾਹੀਨ ਨਾਜ਼ਲੀ, ਨਜ਼ੀਰ ਕੈਸਰ, ਤਨਵੀਰ ਚਹੁ, ਬਸ਼ੀਰ ਮੁਨਜ਼ਰ ਆਦਿ ਦੇ ਨਾਮ ਕਵਿਤਾ ਤੇ ਗਜ਼ਲ ਖੇਤਰ ਵਿਚ ਬੜੇ ਅਹਿਮ ਹਨ। ਪਰ ਪਾਕਿਸਤਾਨ ਦਾ ਬਹੁਤਾ ਕਾਵਿ ਸਾਹਿਤ ਆਰੰਭਲੇ ਪੜਾ ਵਿਚ ਹੀ ਹੈ।

ਪਾਕਿਸਤਾਨ ਵਿਚ 'ਪੰਜਾਬੀ ਅਦਬੀ ਬੋਰਡ' 'ਲੋਕ ਵਿਰਸਾ' ਦਾ ਅਦਾਰਾ ਆਦਿ ਨੇ ਲੋਕ ਕਹਾਣੀਆਂ, ਲੋਕ-ਗੀਤ ਤੇ ਲੋਕ ਵਿਰਸਾ ਸੰਭਾਲਣ ਵਿਚ ਬਹੁਤ ਵੱਡਾ ਕੰਮ ਕੀਤਾ ਹੈ। ਜੇ ਉਹ ਹਿੰਦੂ ਲੋਕ ਗੀਤ ਤੇ ਲੋਕ ਗਾਥਾਵਾਂ ਤੇ ਲੋਕ ਵਿਰਸੇ ਨੂੰ ਵੀ ਨਾਲ ਜੋੜ ਲੈਣ ਤਾਂ ਨਿਰਸੰਦੇਹ ਇਹ ਮਹਾਨ ਕੰਮ ਹੋਵੇਗਾ।

? ਜਗਤਾਰ ਜੀ, ਸੱਚਮੁਚ ਹੀ ਤੁਸੀਂ ਪਾਕਿਸਤਾਨ ਦੀ ਆਪਣੀ ਯਾਤਰਾ ਤੇ ਉਥੋਂ ਦੇ ਸਮੁੱਚੇ ਸਾਹਿਤ ਬਾਰੇ ਬੜੇ ਹੀ ਵਿਸਥਾਰ ਨਾਲ ਦੱਸਿਆ ਹੈ। ਹੁਣ ਤੁਸੀਂ ਉਥੋਂ ਦੀ ਕਿਸੇ ਅਮਿੱਟ ਯਾਦ ਬਾਰੇ ਵੀ ਦੱਸੋ।

—ਨਿੱਝਰਾ, ਉਥੇ ਹਰ ਸ਼ਹਿਰ ਵਿਚ ਲੋਕਾਂ ਨੇ ਕਦਮ ਕਦਮ ਤੇ ਮੈਨੂੰ ਐਨਾ ਪਿਆਰ ਕੀਤਾ ਹੈ ਤੇ ਉਹ ਵਿਸ਼ਾਲ ਦਿਲੀ ਦਿਖਾਈ ਹੈ, ਸਰਕਾਰੀ ਸੰਸਥਾਵਾਂ ਵਿਚ ਕਰਮਚਾਰੀ ਬੜੇ ਪਿਆਰ ਨਾਲ ਪੇਸ਼ ਆਏ ਹਨ ਕਿ ਮੇਰੀਆਂ ਯਾਦਾਂ ਬਾਰੇ ਮੇਰਾ ਸਭ ਕੁਝ ਅਭੁੱਲ ਯਾਦਾਂ ਬਣ ਗਿਆ ਹੈ। ਲਾਹੌਰ ਦੀ ਈਦ ਅਤੇ ਮੁਲਤਾਨ ਵਿਚ ਮਨਾਇਆ ਜਾ ਰਿਹਾ ੧੪ ਅਗਸਤ (ਪਾਕਿਸਤਾਨ ਦੀ ਆਜ਼ਾਦੀ ਦਾ ਦਿਨ) ਮੈਂ ਕਦੇ ਵੀ ਨਹੀਂ ਭੁੱਲ ਸਕਦਾ।



ਸੱਜੇ ਪਾਸੇ ਜਗਤਾਰ—ਖਬੇ ਭੇਂਟ ਕਰ ਰਹੇ ਕਰਨੈਲ ਨਿਝਰ

ਲਾਹੌਰ ਦੀ ਇਕ ਘਟਨਾ ਮੇਰੀਆਂ ਸੁਨਹਿਰੀ ਯਾਦਾਂ ਵਿਚ ਅੰਕਤ ਹੋ ਗਈ ਹੈ। ਜਦੋਂ ਮੈਂ ਮੀਆਂ ਮੀਰ ਦੇ ਮਜ਼ਾਰ ਦੀ ਜ਼ਿਆਰਤ ਲਈ ਗਿਆ ਤਾਂ ਮੈਂ ਸਜਦਾ ਕਰਕੇ ਫਰਸ਼ ਉਤੇ ਬੈਠ ਗਿਆ। ਮੇਰੇ ਬਹੁਤ ਸਾਰੇ ਦੋਸਤ ਸ਼ੌਕਤ ਕਸ਼ਮੀਰੀ ਵਗੈਰਾ ਵੀ ਮੇਰੇ ਨਾਲ ਸਨ। ਇਕ ਬਿਰਧ ਮੁਸਲਮਾਨੀ ਨੇ ਮੇਰਾ ਮੱਥਾ ਚੁੰਮ ਕੇ ਮੈਨੂੰ ਗਲਵੱਕੜੀ ਵਿਚ ਲੈ ਲਿਆ ਤੇ ਕਹਿਣ ਲੱਗੀ, 'ਮੇਰਾ ਕੋਈ ਪੁੱਤਰ ਨਹੀਂ, ਪਰ ਮੈਨੂੰ ਇੰਜ ਲੱਗਦਾ ਏ, ਜਿਵੇਂ ਤੂੰ ਮੇਰਾ ਪਿਛਲੇ ਜਨਮ ਦਾ ਪੁੱਤਰ ਏਂ। ਮੇਰੇ ਚਾਰ ਧੀਆਂ ਈ ਨੇ।" ਜਦੋਂ ਮੈਂ ਉਹਨੂੰ ਦਸਿਆ ਕਿ ਮੇਰੇ ਵੀ ਕੋਈ ਪੁੱਤਰ ਨਹੀਂ ਏਂ ਤਾਂ ਉਹਨੇ ਅੱਗੋਂ ਵਗਦੀਆਂ ਅੱਖਾਂ ਨਾਲ ਕਿਹਾ, "ਅੱਜ ਤੋਂ ਪਿੱਛੋਂ ਮੈਂ ਤੇਰੇ ਲਈ ਇਥੇ ਆ ਕੇ ਦੁਆ ਕਰਿਆ ਕਰਾਂਗੀ ਕਿ ਰੱਬ ਤੈਨੂੰ ਪੁੱਤਰ ਦੇਵੇ।" ਉਸ ਮਾਈ ਦਾ ਨਾਂ ਨਸੀਮ ਅਖਤਰ ਸੀ। ਉਸ ਦਾ ਮੋਹ ਦੇਖ ਕੇ ਮੈਨੂੰ ਹੱਦ ਬੰਨੇ, ਪਾਬੰਦੀਆਂ ਤੇ ਨਫ਼ਰਤਾਂ ਦੇ ਬੱਦਲ ਛਾਈਂ ਮਾਈਂ ਹੋ ਗਏ ਪ੍ਰਤੀਤ ਹੋਏ।

ਏਸੇ ਤਰ੍ਹਾਂ ਮੈਂ ਮੁਲਤਾਨ ਜਾ ਰਿਹਾ ਸਾਂ। ਜਦੋਂ ਬੱਸ 'ਮੀਆਂ ਚੰਨੂੰ' ਜਾ ਕੇ ਰੁਕੀ ਤਾਂ ਇਕ ਬਾਰ੍ਹਾਂ ਚੌਦਾਂ ਸਾਲ ਦੇ ਮੁੰਡੇ ਨੇ ਰੌਲਾ ਪਾਤਾ, "ਸਿੱਖ ਦੀ ਓਏ, ਸਿੱਖ ਈ ਓਏ।" ਮਿੰਟਾਂ ਸਕਿੰਟਾਂ ਵਿਚ ਈ ਸੌ ਡੇਢ ਸੌ ਬੰਦਾ ਇਕੱਠਾ ਹੋ ਗਿਆ। ਮੈਂ ਬੜਾ ਘਬਰਾਇਆ। ਉਹ ਕਹੀ ਜਾਣ "ਥਲੇ ਉਤਰੋ, ਥੱਲੇ ਉਤਰੋ।" ਲੋਕ ਵੀ ਘਬਰਾ ਗਏ। ਮੈਂ ਉਹਨਾਂ ਨੂੰ ਪੁੱਛਿਆ, " ਮੇਰਾ ਕੀ ਕਸੂਰ ਹੈ?"

ਤਾਂ ਉਹ ਕਹਿਣ ਲੱਗੇ, "ਅਸੀਂ ਟੀ. ਵੀ. ਤੇ ਫਿਲਮਾਂ



Sri Satguru Jagjit Singh Ji Elibrary NamdhariElibrary@gmail.com



ਲਾਹੌਰ ਤੋਂ ਵਿਦਾਇਗੀ ਵੇਲੇ ਪੰਜਾਬੀ ਮੁਹਾਜ਼ ਵਲੋਂ ਇਕ ਬਹੁਤ ਵੱਡੀ ਪਾਰਟੀ ਦਿੱਤੀ ਗਈ ਜਿਸ ਵਿਚ ਫਖਰ ਜ਼ਮਾਨ ਜਗਤਾਰ ਨੂੰ ਕੁਝ ਤੋਹਫੇ ਪੇਸ਼ ਕਰ ਰਹੇ ਹਨ। ਕੋਲ ਖੜੇ ਹਨ ਜਨਾਬ ਮੁਸ਼ਤਾਕ ਬੱਟ ਜਨਰਲ ਸਕਤਰ ਪੰਜਾਬ ਮੁਹਾਜ਼ ਲਾਹੌਰ।

ਵਿਚ ਤਾਂ ਕਈ ਵਾਰ ਸਿੱਖਾਂ ਦੀਆਂ ਤਸਵੀਰਾਂ ਦੇਖੀਆਂ ਹਨ। ਪਰ ਅਸਲੀ ਸਿੱਖ ਅੱਜ ਈ ਦੇਖਿਆ। ਤੁਸੀਂ ਥੱਲੇ ਉਤਰੋ, ਚਾਹ ਜਾਂ ਸ਼ਰਬਤ ਛੱਕੋ। ਅਸੀਂ ਫਿਰ ਈ ਬੱਸ ਨੂੰ ਅੱਗੇ ਜਾਣ ਦੇਵਾਂਗੇ।"

ਉਹ ਭੱਜ ਕੇ ਕਈ ਤਰ੍ਹਾਂ ਦੀਆਂ ਡਰਿੰਕਸ (Drinks) ਲੈ ਆਏ। ਮੈਂ ਕੋਕਾ ਕੋਲਾ ਪੀਤਾ ਤਾਂ ਉਹ ਬੜੇ ਖੁਸ਼ ਹੋਏ। ਬੱਸ ਤੁਰੀ ਤਾਂ ਉਹਨਾ ਜ਼ੋਰ ਦੀ ਜੈਕਾਰਾ ਛੱਡਿਆ, "ਸਾਸਰੀ ਕਾਲ।"

"ਪੰਜਾਬ ਮੁਹਾਜ਼" ਵਾਲਿਆਂ ਨੇ ਮੈਨੂੰ ਵਿਦਾਈ ਪਾਰਟੀ ਦਿਤੀ ਤਾਂ ਉਸ ਵਿਚ ਲਗਪਗ ਤਿੰਨ, ਚਾਰ ਸੌ ਪੰਜਾਬੀ ਲੇਖਕ ਤੇ ਗਾਇਕ ਇਕੱਠੇ ਹੋਏ। ਏਥੋਂ ਤਕ ਰਾਸ਼ਟਰੀਆ ਪ੍ਰਸਿੱਧੀ ਦੇ ਮਾਲਕ ਸਲਾਮਤ ਅਲੀ ਵਰਗੇ ਮਹਾਨ ਗਾਇਕ ਵੀ ਉਸ ਇਕੱਤਰਤਾ ਵਿਚ ਸ਼ਾਮਲ ਹੋਏ। ਮੁਸ਼ਤਾਕ ਬੱਟ ਸਾਹਿਬ ਦਾ ਪਿਆਰ ਮੇਰੇ ਅੰਦਰ ਡੂੰਘੀਆਂ ਜੜ੍ਹਾਂ ਫੜ ਗਿਆ ਹੈ।

ਏਸੇ ਤਰ੍ਹਾਂ Y.M.C.A. ਵਿਚ ਦਿਤੀ ਗਈ ਅਖਤਰ ਹਾਸ਼ਮੀ ਤੇ ਫਖ਼ਰ ਜ਼ਮਾਨ ਵਲੋਂ ਪਾਰਟੀ ਵਿਚ ਅਨੇਕਾਂ ਉਰਦੂ, ਪੰਜਾਬੀ ਦੇ ਲੇਖਕ ਸ਼ਾਮਲ ਹੋਏ। ਏਸੇ ਤਰ੍ਹਾਂ ਹੀ ਰਾਵਲ ਪਿੰਡੀ ਦੇ ਅਦੀਬਾਂ ਦੀ ਇਕੱਤਰਤਾ ਵਿਚ ਕਿਸ਼ਵਰ-ਨਾਹੀਦ ਵਲੋਂ ਦਿਤੀ ਗਈ ਪਾਰਟੀ ਮੈਂ ਕਦੇ ਵੀ ਨਹੀਂ ਭੁੱਲ ਸਕਦਾ। ਬਸ਼ੀਰ ਮੁਨਜ਼ਰ, ਸਰਦਾਰ ਮਹਿਮੂਦ, ਮੁਨੂੰ ਭਾਈ, ਸਿਬਤੁਲ ਹਸਨ ਜ਼ੈਗਮ, ਕੁਦਸੀ, ਜੰਜੂਹਾ, ਸ਼ਾਹੀਨ ਮਲਕ, ਨਜ਼ੀਰ ਅਹਿਮਦ ਭੱਟੀ, ਫਖ਼ਰ ਜ਼ਮਾਨ ਵਾਰ ਵਾਰ ਪੁੱਛਦੇ ਰਹੇ ਕਿ ਤੈਨੂੰ ਪੈਸਿਆਂ ਦੀ ਲੋੜ ਤਾਂ ਨਹੀਂ?

ਮੇਰੇ ਲਾਹੌਰ ਜਾਣ ਦੀ ਸਭ ਤੋਂ ਵੱਧ ਖੁਸ਼ੀ ਅਸਫਾਕ ਅਹਿਮਦ, ਬਾਨੂੰ ਕੁਦਸੀਆ, ਨਜ਼ੀਰ ਕੈਸਰ, ਸ਼ਰੀਫ ਅਹਿਮਦ ਤੇ ਆਸਮ ਖਾਂ ਨੂੰ ਸੀ। ਕਿਉਂਕਿ ਮੈਂ ਜਲੰਧਰੀਆ ਵੀ ਸਾਂ ਤੇ ਹੁਸ਼ਿਆਰਪੁਰੀਆ ਵੀ। ਇਹ ਲੋਕ ਏਥੋਂ ਹੀ ਹਿਜਰਤ ਕਰਕੇ ਗਏ ਸਨ। ਅਸਲ ਵਿਚ ਜਿੰਨਾ ਮੈਨੂੰ ਪਾਕਿਸਤਾਨ ਵਿਚ ਪਿਆਰ ਮਿਲਿਆ ਹੈ, ਨਾ ਕਦੇ ਆਪਣੇ ਦੇਸ਼ ਵਿਚ ਮਿਲਿਆ ਹੈ ਤੇ ਨਾ ਸ਼ਾਇਦ ਐਨਾ ਪਿਆਰ ਹੋਰ ਕਿਸੇ ਮੁਲਕ ਵਿਚ ਹੀ ਮਿਲੇ। ਬਾਰਡਰ ਕਰਾਸ (Border Cross) ਕਰਨ ਵੇਲੇ ਨੋ ਮੈਨ ਲੈਂਡ (No Man Land) ਤੇ ਖੜੇ ਫਖ਼ਰ ਜ਼ਮਾਨ, ਸਿਬਤੁਲ ਹਸਨ ਜ਼ੈਗਮ, ਮੁਨੂੰ ਭਾਈ, ਪਾਲ ਅਸ਼ਰਫ, ਡਾ: ਸਦੀਕ, ਰਿਆਜ਼ ਰਾਜੀ, ਇਕਬਾਲ ਸਜਾਹੁਦੀਨ, ਬਸ਼ੀਰ ਮੁਨਜ਼ਰ, ਉਲਫਤ ਵਜ਼ੀਰਾਵਾਦੀ, ਅਕਬੱਲ ਕਦੀਮ ਕੁਦਸੀ, ਜੰਜੂਆ, ਆਸ਼ਕ ਹੁਸੈਨ, ਤਨਵੀਰ ਜ਼ਹੂਦ ਤੇ ਹੋਰ ਕਿੰਨੇ ਹੀ ਲੇਖਕ ਅੱਖਾਂ ਭਰੀ ਖੜੇ ਸਨ। ਇਕ ਸਿੱਖ ਨੂੰ ਚਾਲੀ ਪੰਜਾਹ ਲੇਖਕ No Man Land ਤੇ ਖੜੇ ਭਰੀਆਂ ਅੱਖਾਂ ਨਾਲ ਵਿਦਾ ਕਰ ਰਹੇ ਸਨ ਤੇ ਕਹਿਰਾਂ ਦੀ ਗਰਮੀ ਵਿਚ ਵਾਰੋ ਵਾਰੀ ਅਲਵਦਾਈ ਸ਼ੇਅਰ ਸੁਣਾ ਰਹੇ ਸਨ। ਮੈਂ "ਖੁਦਾਹਾਫਜ਼" ਕਹਿ ਕੇ ਨਮਾਣਿਆਂ ਵਾਂਗੂ ਉਸ ਲਕੀਰ ਤੋਂ ਟੱਪ ਆਇਆ। ਜਿਸ ਨੂੰ ਪਾਰ ਕਰਨ ਲਈ ਪਤਾ ਨਹੀਂ ਹੁਣ ਕਿੰਨੇ ਵਰ੍ਹੇ ਲੱਗਣਗੇ। ਖੁਦਾ ਜਾਣੇ ਕਦੇ ਇਸ ਲਕੀਰ ਤੋਂ ਪਾਰ ਵੀ ਜਾ ਸਕਾਂਗਾ ਕਿ ਨਹੀਂ। ਅਸੀਂ ਧਰਤੀਆਂ ਵੰਡ ਲਈਆਂ ਹਨ, ਪਰ ਦਿਲਾਂ ਵਿਚ ਉੱਗੇ ਪਿਆਰ ਦੇ ਫੁੱਲਾਂ ਨੂੰ ਕੋਈ ਜੰਗ, ਨਫਰਤ, ਮਜ਼ਹਬੀ ਜਨੂੰਨ ਜਾਂ ਸਰਕਾਰਾਂ ਦੇ ਲੋਹੇ ਵਰਗੇ ਹੱਥ ਕਦੇ ਵੀ ਭਰੂ ਨਹੀਂ ਸਕਣਗੇ। ★


ਮੈਂ ਸਿਰਫ ਅਵਾਜ਼ ਹਾਂ

(ਨਜ਼ਮਾਂ ਤੇ ਗੀਤ)

ਪ੍ਰਕਾਸ਼ਕ:

ਸਾਹਿੱਤ ਕਲਾ ਪ੍ਰਕਾਸ਼ਨ, ਲੁਧਿਆਣਾ

ਪ੍ਰਿੰ: ਸੁਰਜੀਤ ਰਾਮਪੁਰੀ ਦੀ ੧੯੯੨ ਨੂੰ ਦੇਣ:

ਗਾਉਂਦੀ ਹੈ ਤਨਹਾਈ

(ਗਜ਼ਲ ਸੰਗ੍ਰਹਿ)

ਸੈਂਟਰਲ ਪਬਲਿਸ਼ਰਜ਼, ਮਹਿਰਾਜ ਨਗਰ, ਲੁਧਿਆਣਾ





Sri Satguru Jagjit Singh Ji Elibrary NamdhariElibrary@gmail.com

ਅਣੀਆਲੇ ਤੀਰ

# ਇਹ ਨੇਤਾ ਜੁਗ ਹੈ

—ਪ੍ਰੀਤਮ ਸਿੰਘ ਪੰਛੀ

ਮੱਧ ਜੁਗ ਵਿਚ ਸਾਹਿਤ ਦਾ ਕੇਂਦਰੀ ਧੁਰਾ ਨਾਇਕਾ ਹੁੰਦੀ ਸੀ। ਅੱਜ ਦੇ ਅਜੋਕੇ ਸਾਹਿਤ ਵਿਚ ਉਸ ਦੀ ਥਾਂ ਨੇਤਾ ਨੇ ਲੈ ਲਈ ਹੈ।

ਕਈ ਵਾਰ ਚਾਣਚੱਕ ਮੂੰਹੋਂ ਨਿਕਲਣਾ ਸੁਭਾਵਿਕ ਹੈ—ਐ ਨੇਤਾ ! ਤੇਰੇ ਰੂਪ ਅਨੇਕ। ਅੱਜ ਸਾਹਿਤ ਵੀ ਮਧ ਜੁਗੀ ਨਹੀਂ ਰਿਹਾ ਉਸਦੇ ਵੀ ਕਈ ਰੂਪ ਹੋ ਗਏ ਹਨ ਅਤੇ ਹਰੇਕ ਰੂਪ ਵਿਚ ਨੇਤਾ ਸਾਹਿਤ ਵਿਚ ਵਿਰਾਜਮਾਨ ਦਿਖਾਈ ਦਿੰਦਾ ਹੈ।

ਕਲਮ ਜਦੋਂ ਨੇਤਾ ਦੇ ਨਖ਼ ਸ਼ਿਖ ਨੂੰ ਚਿਤਰਦੀ ਹੈ ਤਾਂ ਮੱਧ ਜੁਗ ਦੀ ਨਾਇਕਾ ਨੇਤਾ ਜੀ ਦਾ ਪਾਣੀ ਭਰਦੀ ਦਿਖਾਈ ਦਿੰਦੀ ਹੈ।

ਭਾਰਤ ਵਰਗੇ ਖੇਤੀ ਪ੍ਰਧਾਨ ਦੇਸ ਵਿਚ ਹਰ ਸਾਲ ਸੋਕਾ ਪਿਆ ਰਹਿੰਦਾ ਹੈ, ਨੇਤਾ ਨੂੰ ਦੇਖੋ, ਇਨਾਂ ਦੇ ਵਾਲ ਇਸ ਤਰ੍ਹਾਂ ਖਿਲਰੇ ਲੱਗਦੇ ਹਨ ਜਿਵੇਂ ਸੋਕੇ ਮਾਰੀਆਂ ਫਸਲਾਂ ਹੋਣ।

ਹਿਮਾਲੇ ਵਰਗਾ ਚਿੱਟਾ ਭਾਟਾ ਜਦੋਂ ਵੋਟ ਮੰਗ-ਦਿਆਂ ਸਨਿਮਰ ਹੋਣ ਦੀ ਆਖਰੀ ਸੀਮਾ ਤੱਕ ਝੁਕ ਝੁਕ ਜਾਂਦਾ ਹੈ ਤਾਂ ਕਈ ਰੂਪ ਵਟਾਉਂਦਾ। ਨੇਤਾ ਦੀਆਂ ਉਭਰੀਆਂ ਨਸਾਂ ਇੰਜ ਹਨ ਜਿਵੇਂ ਕੂਟ ਨੀਤੀ ਦੀ ਗਵਾਹੀ ਭਰ ਰਹੀਆਂ ਹੋਣ। ਮੱਥੇ ਉੱਤੇ ਲਿਖਿਆ ਦੇਸ ਦਾ ਦੁਰਭਾਗ ਦੇਖ ਕੇ ਅਕਲਾਂ ਮਾਤ ਪੈ ਜਾਂਦੀਆਂ ਹਨ। ਨੇਤਾ ਦੀ ਸ਼ਹਿਨਾਈ ਵਰਗੀ ਨੱਕ ਕਈ ਵਾਰ ਕੱਟਦੀ ਹੈ, ਕਈ ਵਾਰ ਜੁੜਦੀ ਹੈ। ਨੇਤਾ ਦੇ ਮੋਮਬੱਤੀ ਵਰਗੇ ਦੰਦ ਲੋਹਾ ਚਬਾਉਣਾ ਵੀ ਜਾਣਦੇ ਹਨ। ਉਹਨਾਂ ਦੀ ਚਪ ਚਪਾਉਂਦੀ ਜੀਭ ਦਾ ਤਾਂ ਕੁਝ ਪੁੱਛੋ ਹੀ ਨਾ ਕਿ ਉਹ ਕਿੰਨੀਆਂ ਸੜਕਾਂ ਚੱਟ ਕਰ ਚੁੱਕੀ ਹੈ। ਚੰਨ ਵਰਗਾ ਰੂਪ ਭਲਾ ਕਦੋਂ ਕਿਸੇ ਤੋਂ ਛੁਪਿਆ ਹੈ ? ਲੰਮੀਆਂ ਬਾਹਾਂ ਨੂੰ ਸਿਆਣੇ ਪ੍ਰਤਿਭਾ ਦਾ ਪ੍ਰਤੀਕ ਮੰਨਦੇ ਹਨ—ਇਸੇ ਲਈ ਉਹਨਾਂ ਦੀਆਂ ਅਜਗਰ ਵਰਗੀਆਂ ਬਾਹਾਂ ਹਨ। ਨਹੁੰ ਚਾਂਦੀ ਦੇ ਖੁਰਪੇ ਵਰਗੇ ਹਨ ਅਤੇ ਉਂਗਲਾਂ ਕਟਾਰ ਵਰਗੀਆਂ। ਲੋਕ ਇਹਨਾਂ ਨੂੰ ਕਰ ਕਮਲ ਕਹਿੰਦੇ ਹਨ। ਮਹਾਂ ਨਗਰੀ ਦੇ ਕਿਸੇ ਨਾਮੀ ਗਰਾਮੀ ਜੇਬ ਕਤਰੇ ਨੇ ਆਪਣੀ ਸਾਰੀ ਅਪਰਾਧੀ ਉਮਰੇ ਸ਼ਾਇਦ ਏਨੀਆਂ ਜੇਬਾਂ ਨਾ ਕੱਟੀਆਂ ਹੋਣ ਜਿੰਨੇ ਨੇਤਾ ਨੇ ਫੀਤੇ ਕੱਟੇ ਹਨ। ਲੋਕ ਆਚਰਣ ਨੂੰ ਨਹੀਂ ਦੇਖਦੇ, ਉਹ ਤਾਂ ਇਹ ਦੇਖਦੇ ਹਨ ਕਿ ਨੇਤਾ ਦੇ ਚਰਨ ਬਹੁਤ ਕੋਮਲ ਹਨ ਜੋ ਭਾਰਤ ਮਾਂ ਦੀ ਛਾਤੀ ਉੱਤੇ ਜ਼ਖਮ ਸਰੀਖੇ ਦਿਖਾਈ ਦਿੰਦੇ ਹਨ। ਨੇਤਾ ਦੀ ਪੰਜ ਭੌਤਿਕ ਦੇਹ ਦਾ ਗਿਰਗਟ ਵਰਗਾ ਰੰਗ ਹੈ ਅਤੇ ਕਈ ਮਨਚਲੇ ਉਹਨਾਂ ਦੇ ਭੇਸ ਦੀ ਬੱਗਲੇ ਨਾਲ਼ ਤੁਲਨਾ ਕਰਦੇ ਹਨ।

ਜਦੋਂ ਵੀ ਦੇਖੋ, ਉਹ ਕਿਸੇ ਧਿਆਨ ਵਿਚ ਡੁੱਬੇ ਦਿਖਾਈ ਦੇਣਗੇ ਅਤੇ ਦੇਸ ਉਹਨਾਂ ਵਿਚ ਡੁੱਬਿਆ ਆਪਣੇ ਸੁਨਹਿਰੀ ਭਵਿੱਖ ਦੀ ਕਲਪਨਾ ਵਿਚ ਗੜੂੰਦ ਦਿਖਾਈ ਦਿੰਦਾ ਹੈ।

ਮੱਧ ਜੁਗ ਦੀ ਨਾਇਕਾ ਦਾ ਰੂਪ ਏਨਾਂ ਵਿਆਪਕ ਨਹੀਂ ਨਹੀਂ ਸੀ ਜਿੰਨਾ ਅਜ ਦੇ ਨੇਤਾ ਦਾ ਹੈ। ਮੇਰੇ ਸਮਾਜ ਸ਼ਾਸਤਰੀ ਦੋਸਤ ਪ੍ਰੋ: 'ਸ' ਨੂੰ ਸਮਾਜ ਦੀ ਚੀਰ ਫਾੜ ਕਰਨ ਦੀ ਧੁਨ ਉਸੇ ਤਰ੍ਹਾਂ ਸਵਾਰ ਹੈ ਜਿਸ ਤਰ੍ਹਾਂ ਨੇਤਾ ਨੂੰ ਦੇਸ ਦੇ ਧਿਆਨ ਵਿਚ ਡੁੱਬੇ ਰਹਿਣ ਦੀ।

ਉਹ ਦੇਖਦੇ ਹਨ—ਚੁਰਾਹੇ ਵਿਚ ਭੀੜ ਹੁੰਦੀ ਹੈ। ਕੋਈ ਜੇਬ ਕਤਰਾ ਚੰਗੇ ਹੱਥ ਫੜਿਆ ਜਾਂਦਾ ਹੈ। ਪਰ ਦੇਖਣ ਨੂੰ ਉਹ ਕੋਈ ਸਾਊ ਬੰਦਾ ਲੱਗਦਾ ਹੈ। ਭੀੜ ਦੋ ਹਿਸਿਆਂ ਵਿਚ ਵੰਡੀ ਜਾਂਦੀ ਹੈ ਅਤੇ ਫਿਰ ਦਲੀਲਾਂ ਦੇ ਘੋੜੇ ਦੁੜਾਉਂਦੀ ਆਪਣੀ-ਰੀੜ੍ਹ ਨੂੰ ਕੜਕੜਾਉਣ ਲੱਗਦੀ ਹੈ। ਥਾਣੇਦਾਰ ਆਉਂਦਾ ਹੈ—ਅਤੇ ਜੇਬ ਕਤਰੇ ਨੂੰ ਘੋਖਕੇ ਸਲਾਮ ਵਜਾਉਂਦਾ ਹੈ। ਫਿਰ ਬੜੇ ਅਦਬ ਨਾਲ ਥਾਣੇ ਅੰਦਰ ਲੈ ਜਾਂਦਾ ਹੈ। ਲੋਕ ਅਜੇ ਵੀ ਦੋ ਹਿਸਿਆਂ ਵਿਚ ਵੰਡੇ ਅਟਕਲਾਂ ਦੇ ਘੋੜੇ ਦੌੜਾ ਰਹੇ ਹਨ। ਕੁਝ ਬਦਮਾਸ਼ਾਂ ਨੂੰ ਕੋਸਦੇ ਹਨ ਅਤੇ ਕੁਝ ਨਜ਼ਾਮ ਦੀ ਵੱਖੀ ਨੂੰ ਅੱਡੀ ਲਾ ਰਹੇ ਹਨ। ਦੋ ਹਿਸਿਆਂ ਵਿਚ ਵੰਡਿਆ ਲੋਕਾਂ ਦਾ ਘੋੜਾ ਫਿਰ ਵੀ ਸਰਪਟ ਦੌੜੀ ਜਾ ਰਿਹਾ ਅਤੇ ਮੌਕੇ ਤੇ ਫੜਿਆ ਸਫ਼ੈਦ ਪੋਸ਼ ਜੇਬ ਕਤਰਾ ਥਾਣੇ ਅੰਦਰ ਬੈਠਕੇ ਅਗਲਾ ਪਲਾਨ ਬਣਾ ਰਿਹਾ ਹੈ।

ਮੇਰੇ ਸਮਾਜ ਸ਼ਾਸਤਰੀ ਦੋਸਤ ਨੂੰ ਸਭ ਤੋਂ ਵੱਡੀ ਸ਼ਿਕਾਇਤ ਇਹ ਹੈ ਕਿ ਕਈ ਵਾਰ ਨੇਤਾ ਆਪਣੀ ਪੱਧਰ ਤੋਂ ਬਹੁਤ ਹੇਠਾਂ ਤੱਕ ਚਲੇ ਜਾਂਦੇ ਹਨ ਜੋ ਉਹਨਾਂ ਦੀ ਸਮਾਜਿਕਤਾ ਨੂੰ ਸੋਭਾ ਨਹੀਂ ਦਿੰਦਾ। ★



Sri Satguru Jagjit Singh Ji Elibrary NamdhariElibrary@gmail.com

# ਸਿਰਕਪ ਨਾਲ ਵਾਰਤਾਲਾਪ

—ਜਗਤਾਰ—

ਰਾਵਲ ਪਿੰਡੀ ਤੋਂ ਪੱਚੀ ਕੁ (੨੫) ਕਿਲੋਮੀਟਰ ਦੀ ਦੂਰੀ ਤੇ ਟੈਕਸਿਲਾ (ਜਿਸ ਨੂੰ ਤਕਸ਼ਿਲਾ ਵੀ ਆਖਿਆ ਜਾਂਦਾ ਹੈ) ਦੇ ਖੰਡਰਾਤ ਕਈ ਮੀਲਾਂ ਵਿਚ ਫੈਲੇ ਹੋਏ ਹਨ। 'ਜੋਲੀਆਂ' ਵਿਖੇ ਬੋਧੀ ਯੂਨੀਵਰਸਿਟੀ ਵੇਖ ਕੇ ਮੈਂ ਤੇ ਪੰਜਾਬੀ ਦਾ ਪ੍ਰਸਿਧ ਕਵੀ ਕੁਦਸੀ 'ਸਿਰਕਪ' ਦੇ ਨਗਰ ਪਹੁੰਚੇ ਤਾਂ ਗਾਈਡ ਨੇ ਸਿਰਕਪ ਰਾਜੇ ਦੀ ਸਾਰੀ ਕਥਾ ਸੁਣਾ ਕੇ ਉਸ ਦਾ ਸ਼ਹਿਰ ਤੇ ਮਹੱਲ ਆਦਿ ਵਿਖਾਏ। ਇਸ ਕਵਿਤਾ ਦੇ ਪਿਛੋਕੜ ਵਿਚ ਰਾਜਾ ਸਿਰਕਪ ਦੀ ਮਿਥ ਹੈ ਜੋ ਮੇਰੇ ਅਨੁਭਵ ਦਾ ਭਾਗ ਬਣੀ।

—0—

ਅਸੀਂ ਜਿਸ ਵਕਤ
ਸਿਰਕਪ ਦੇ ਨਗਰ ਪਹੁੰਚੇ
ਤਾਂ ਗਾਈਡ ਨੇ ਕਿਹਾ,
"ਇਹ ਉਸ ਰਾਜੇ ਦੀ ਨਗਰੀ ਹੈ
ਜੋ ਸਿਰ ਦੀ ਸ਼ਰਤ ਲਾ ਕੇ
ਰਾਤ ਨੂੰ
ਚੋਪੜ ਦੀ ਬਾਜ਼ੀ ਖੇਡਦਾ ਸੀ।
ਪਰ ਉਸ ਡਾਢੇ ਛਲੀ ਦਾ ਪਾਲਤੂ ਚੂਹਾ
ਚਮੁੱਖੀਆ ਉਲਟ ਕੇ
'ਨੇਰੇ 'ਚ ਨਰਦਾਂ ਪਲਟ ਜਾਂਦਾ ਸੀ
ਛਲੀ ਤੋਂ ਹਰ ਬਲੀ ਇੰਜ ਮਾਤ ਪਾਂਦਾ ਸੀ।
ਇਹ ਸਿਰਕਪ ਦਾ ਨਗਰ ਤਾਹੀਂ ਕਹਾਂਦਾ ਸੀ।"
ਅਸੀਂ ਦਾਦੀ ਤੋਂ ਬਚਪਨ ਵਿਚ ਸੁਣੀ ਹੋਈ
ਕਥਾ ਸੁਣਦੇ
ਕਈ ਮੀਲਾਂ 'ਚ ਫੈਲੇ ਸ਼ਹਿਰ ਦੇ ਖੰਡਰਾਤ ਲੰਘ ਕੇ
ਪਹਾੜੀ ਦੀ ਚੜ੍ਹਾਈ ਚੜ੍ਹ ਕੇ ਜਦ
ਰਾਜੇ ਦਿਆਂ ਮਹਿਲਾਂ 'ਚ ਪਹੁੰਚੇ
ਤਾਂ ਉਸ ਨੂੰ ਵਾਜ ਮਾਰੀ
"ਉਹ ਨੇਰੇ ਦੇ ਪੁਜਾਰੀ!
ਕਿਤੇ ਜੇ ਸੁਣ ਰਿਹੈਂ ਆ ਖੇਡ ਚੋਪੜ
ਅਸੀਂ ਵੀ ਹਾਂ ਖਿਡਾਰੀ।"
ਤਾਂ ਝਟ ਇਕ ਪਰਤਵੀਂ ਆਵਾਜ਼ ਆਈ
"ਮੈਂ ਕਿਸ ਦੇ ਨਾਲ ਆਖਰ ਖੇਡ ਖੇਡਾਂ?
ਤੁਹਾਡੇ ਵਿਚ ਤਾਂ ਕੋਈ ਧਿਰ ਨਹੀਂ ਹੈ
ਤੁਸੀਂ ਸਿਰਹੀਣ ਯੁਗ ਦੀ ਨਸਲ ਸਾਰੇ
ਤੁਹਾਡੇ ਧੜਾਂ ਉੱਤੇ ਸਿਰ ਨਹੀਂ ਹੈ।"

# ਸ਼ਨਾਖ਼ਤਨਾਮਾ

—ਜਗਤਾਰ—

ਜਿਨ੍ਹਾਂ ਰੁਖਾਂ ਨੂੰ ਬਸਤੀ ਵਾਲਿਆਂ ਨੇ ਪਾਲਿਆ ਸੀ
ਉਹ ਸਾਰੇ ਕੁਰਸੀਆਂ ਜਾਂ ਮੇਜ਼ ਬਣ ਗਏ ਨੇ
ਜਦੋਂ ਬਸਤੀ ਦੇ ਲੋਕੀਂ
ਕੁਰਸੀਆਂ ਨੂੰ ਜਾ ਕੇ ਪੁਛਦੇ ਨੇ
ਅਸੀਂ ਛਾਵਾਂ ਤੋਂ ਵਿਰਵੇ ਹੋ ਗਏ ਹਾਂ
ਅਸੀਂ ਔੜਾਂ ਹੰਡਾਉਂਦੇ ਹਾਂ
ਤੁਸੀਂ ਸਾਡੇ 'ਚੋਂ ਹੋ ਕੋਈ ਉਪਾਅ ਸੋਚੋ।
ਤਾਂ ਹਰ ਕੁਰਸੀ ਮੁਸਕਰਾਉਂਦੀ
ਤੇ ਸਰਕਾਰੀ ਕਰਿੰਦੇ
ਕੋਈ ਟੁੱਟੀ ਹੋਈ ਕੁਰਸੀ ਮੁਰੰਮਤ ਕਰਨ ਦੀ ਖਾਤਰ
ਅਸਾਡੇ 'ਚੋਂ
ਕਿਸੇ ਦੇ ਅੰਗ ਸਾਰੇ ਛਾਂਗ ਲੈਂਦੇ ਨੇ।
ਕਈ ਦਿਨ ਬਸਤੀਆਂ ਵਿਚ ਸੋਗ ਰਹਿੰਦਾ ਹੈ
ਡਰੇ ਹੋਏ ਕਈ ਲੋਕੀਂ
ਕਿਤੇ ਹਿਜਰਤ ਨੇ ਕਰ ਜਾਂਦੇ।
ਅਸੀਂ ਆਪਣੇ ਘਰੀਂ ਜੋ ਫੁੱਲ ਬੀਜੇ ਸਨ
ਉਹ ਸਰਕਾਰੀ ਕਰਿੰਦੇ
ਸਾਡਿਆਂ ਹੀ ਕਾਤਲਾਂ ਦੇ ਹਾਰ ਪਾਵਣ ਨੂੰ
ਜ਼ਬਰਦਸਤੀ ਭਰੂਹ ਕੇ ਲੈ ਗਏ ਸਾਰੇ
ਅਸੀਂ ਜਦ ਰਾਜਧਾਨੀ ਵਿਚ
ਸ਼ਿਕਾਇਤ ਕਰ ਕੇ ਪਰਤੇ ਤਾਂ
ਘਰਾਂ ਦੇ ਆਂਙਣਾਂ' ਚੋਂ ਖੇਡਦੇ ਫੁੱਲਾਂ ਨੂੰ ਗੁੰਮ ਪਾਇਆ
ਅਸੀਂ ਖੇਤਾਂ 'ਚ ਜਿਹੜੀ ਫਸਲ ਬੀਜੀ ਸੀ
ਉਹ ਰੇਲਾਂ ਨਾਲ ਅਗਵਾ ਕਰ ਲਈ ਸਾਰੀ
ਜਦੋਂ ਵਿੱਡਾਂ ਦੀ ਅੱਗ ਰੇਲਾਂ ਦੀਆਂ ਲੀਹਾਂ ਤੇ ਤੁਰ ਕੇ
ਰਾਜਧਾਨੀ ਨੇੜੇ ਜਾ ਪਹੁੰਚੀ
ਤਾਂ 'ਉਹਨਾਂ' ਨੇ
ਗਗਨਾਂ ਦੇ ਚੁਫੇਰੇ ਵਾੜ ਬੰਦੂਕਾਂ ਦੀ ਕਰ ਕੇ
ਘੋੜਿਆਂ ਨੂੰ ਖੁਲ੍ਹਿਆਂ
ਖੇਤਾਂ 'ਚ ਛੱਡ ਦਿਤਾ।
ਤੇ ਹਰ ਇਕ ਸ਼ਹਿਰ ਨੂੰ ਜਾਂਦੇ ਚੁਰਸਤੇ ਵਿਚ
ਸਿਪਾਹੀ ਬੀਜ ਦਿਤੇ ਨੇ।
ਗਰਾਵਾਂ 'ਚੋਂ ਨਗਰਾਂ ਵਿਚ
ਓਹੀ ਹੁਣ ਦਾਖਲ ਹੈ ਹੋ ਸਕਦਾ



Sri Satguru Jagjit Singh Ji Elibrary NamdhariElibrary@gmail.com

ਸ਼ਨਾਖਤ-ਨਾਮਾ ਜਿਸ ਦੇ ਕੋਲ ਹੈ
ਤੇ ਭੇਡ ਦੀ ਤਸਵੀਰ ਜਿਸ ਉੱਤੇ ਛਪੀ ਹੋਈ।
ਤੇ ਜੋ ਵੀ ਸ਼ਹਿਰ ਵਿਚ ਜਾਵੇ
ਉਹ ਵਿੱਡ ਦੀ ਅੱਗ ਦੀ
ਫੁੱਲਾਂ ਦੇ ਅਗਵਾ ਦੀ
ਗਵਾਂਢੀ ਛਾਂ ਦੀ ਕੋਈ ਬਾਤ ਨਾ ਛੇੜੇ
ਕਿਸੇ ਕੁਰਸੀ ਨੂੰ ਨਾ ਖ਼ਤਰੇ 'ਚ ਪਾਵੇ
ਨਾ ਖੁਦ ਖ਼ਤਰਾ ਸਹੇੜੇ।
ਨਗਰ ਵਿਚ ਉਹੀ ਹੋ ਸਕਦਾ ਹੈ ਹੁਣ ਦਾਖਲ,
ਸ਼ਨਾਖਤਨਾਮਾ ਜਿਸ ਦੇ ਕੋਲ ਹੈ
ਤੇ ਭੇਡ ਦੀ ਤਸਵੀਰ ਜਿਸ ਉਤੇ ਛੱਪੀ ਹੈ।

# ਰੁਬਾਈਆਂ

ਅਮਰੀਕ ਸਿੰਘ

੧

ਜਨਮਾਂ ਤੋਂ ਇਹ ਝੋਰੇ ਸਾਡੇ
ਨਾਲ ਹੀ ਜੰਮੇ ਮੋਏ।
ਹਰ ਪੀੜ੍ਹੀ ਵਿਚ ਅੱਗੇ ਨਾਲੋਂ,
ਦੂਣ ਸਵਾਏ ਹੋਏ।
ਵੱਡ ਵਡੇਰਿਆਂ ਵਿਰਸੇ ਦੇ ਵਿਚ,
ਜਿਵੇਂ ਅਸਾਨੂੰ ਦਿੱਤੇ।
ਤਿਵੇਂ ਅਸਾਂ ਵੀ ਪੁੱਤਰਾਂ ਕੋਲੋਂ
ਉੱਕਾ ਨਹੀਂ ਲਕੋਏ।

੨

ਸਾਇਆ ਵੀ ਜਦ ਰਾਤ ਪਵੇ ਤਾਂ,
ਸਾਥ ਬੰਦੇ ਦਾ ਛੱਡੇ।
ਐਪਰ ਝੋਰੇ ਸਗੋਂ ਰਾਤ ਨੂੰ,
ਪਾਣ ਪੁਆੜੇ ਵੱਡੇ।
ਉਰਾਂ ਪਰਾਂ ਹੋ ਦਿਨ ਲੰਘ ਜਾਂਦੇ:
ਰਾਤ ਨਾ ਲੰਘਦੀ ਯਾਰੋ।
ਝੋਰਿਆਂ ਦੇ ਇਸ ਸਾਗਰ ਵਿਚੋਂ,
ਕੌਣ ਹੋਵੇ ਜੋ ਕੱਢੇ।

੩

ਪਾਲ ਕੇ ਪੁਤਰ ਵੱਡੇ ਕਰ ਮੈਂ
ਵਿਚ ਟੋਕਰੀ ਪਾਏ।
"ਲੈ ਲੋ ਲੋਕੋ, ਕੋਈ ਖ਼ੀਦੋ",
ਥਾਂ ਥਾਂ ਹੋਕੇ ਲਾਏ।
ਦੋ ਵਕਤਾਂ ਦੀ ਰੋਟੀ ਤੋਂ ਵੱਧ
ਮੁੱਲ ਨਹੀਂ ਮੈਂ ਕੀਤਾ,
ਐਪਰ ਕੋਈ ਗਾਹਕ ਨਾ ਬਣਿਆ,
ਲਾਲ ਮੈਂ ਸਸਤੇ ਲਾਏ।

ਵੀ. ਪੀ. ਓ. ਅਮਰਾਸਰ ਕਲਾਂ
(ਸਿਰਸਾ)

ਕਵਿਤਾ

# ਪ੍ਰੇਮ-ਸਾਕੀ

—ਲਾਲ ਸਿੰਘ—

'ਅਜ਼ਲ ਤੋਂ ਹੀ ਜ਼ੁਲਮ ਦੇ ਝੱਖੜ ਜਦ ਵੀ ਝੁੱਲੇ
ਠੋਕਰਾਂ ਖਾ ਕੇ ਹੀ ਨੇ ਬਹਿੰਦੇ ਰਹੇ
ਇਉ- ਚੇਤਨਾ ਨੇ ਜਦ ਜਗਾਇਆ ਆਦਮੀ
ਜਾਗਦਾ ਰਹਿੰਦਾ ਰਿਹਾ ਹੈ, ਮੁੜ ਕੇ ਸੌਣ ਤਕ,
ਅੱਜ ਫਿਰ ਤੋਂ ਲੋੜ ਮੇਰੀ ਜਾਗ ਪਈ'—
ਜ਼ਿੰਦਗੀ ਦਾ ਜਾਮ ਭਰਦੇ, ਪ੍ਰੇਮ ਸਾਕੀ ਆਖਿਆ।

'ਅੱਜ ਸ਼ਿਵਜੀ ਦੀ ਸੁਰਾਹੀ ਹੈ ਨਹੀਂ ਚਰਨ ਧੋਣ
ਬ੍ਰਹਮਾ ਦੀ ਹਥੇਲੀ, ਹੁਣ ਬੀਰਤਾ ਦੇ ਬੀਜ ਬੋਣ
ਵਧ ਰਿਹਾ ਹੈ ਕੁਫ਼ਰ, ਪਰ ਇਹ ਧਰਤ ਕਿਉਂ ਖਾਮੋਸ਼ ਹੈ?
ਕਿਸ ਦੇ ਪਰਸੁਆਰਥੀ ਹੜ 'ਚ ਤੇਜ਼ਾਬੀ ਜੋਸ਼ ਹੈ?
...ਕਤਲਗਾਰਾਂ ਵਿਚ ਸੌ ਸੌ ਵਾਰ ਗਿਆ ਪ੍ਰਖਿਆ
ਭੜਕਦੀ, ਭੱਖਦੀ, ਜਵਾਲਾ ਵਾਂਗ ਮਘਦੀ ਤਵੀ ਤੇ
ਜਾਨ ਲੁਹੀ ਸੀ ਕਿਸੇ ਨੇ ਕਿਸੇ ਦੇ ਵਾਸਤੇ
ਚਰਖੀਆਂ ਥੀਂ, ਆਰੀਆਂ ਥੀ, ਰੰਬੀਆਂ ਥੀਂ ਲੱਥੀਆਂ
ਕਿਸੇ ਦੇ ਬਦਲੇ ਦੋਸ਼ ਮੇਰੇ ਦੀਆਂ ਸੋਆਂ ਗਰਦਨਾਂ?
ਫਿਰ, ਮੈਂ ਕਿਉਂ ਨਾ ਕਰਾਂ ਦੋਫਾੜ ਹੋ ਜੱਪਜੀ ਦਾ ਪਾਠ?

'ਮਸਤੀ ਕਲ੍ਹ ਮਾਣੋਗੇ ਹਜ਼ੂਰ ਫਿਰ ਇਸ ਜਾਮ ਦੀ
ਜਦੋਂ ਚੜ੍ਹੇਗਾ ਸਰੂਰ ਇਸ ਤਲਵਾਰ ਨੂੰ
ਨਾਦ ਵੀ ਵਜਣਗੇ ਘਨੇਰੇ ਇਸ ਦੇ ਤਾਲ ਤੇ
ਜ਼ਿੰਦਗੀ ਨੱਚ ਉੱਠੇਗੀ ਵਧੇਰੇ ਅਮਲਾਂ ਵਾਸਤੇ।'

ਪ੍ਰਤੱਖ ਨੂੰ ਪ੍ਰਮਾਣ ਕੀ? ਫੋਕੀ ਕਹਾਵਤ ਹੀ ਨਹੀਂ
ਸਮੇਂ ਦਾ ਚੱਕਰ ਚਲਿਆ। ਮੁੜ ਤੇਜ਼ ਖਾਧੀ ਝਖੜਾਂ,
...ਨਿੱਕੀਆਂ ਇੱਟਾਂ ਦੀ ਕੰਧ 'ਚ ਨਿੱਕੇ ਚਿਣੇ ਗਏ ਬਾਲਕੇ
ਹੋਰ ਟੁਟ ਗਏ ਹਾਰ 'ਚੋਂ, ਹੀਰੇ ਦੋ ਅੱਖਾਂ ਸਾਹਮਣੇ
ਖ਼ੂਨ ਦੀ ਤਾਸੀਰ ਆਦਮ ਨਾਲ ਮਿਲ ਗਈ ਉਹਨਾਂ ਦੀ
ਫਤਵਾ ਜਿਹਨਾਂ ਤੇ ਲਗਿਆ ਸੀ ਇਨਕਲਾਬੀ ਹੋਣ ਦਾ।
ਹੁਣ.. ਗੀਤ ਤੋਂ ਤਲਵਾਰ ਤੱਕ ਦੇ ਸਫਰ ਨੂੰ
ਪੈਰਾਂ ਦੀਆਂ ਚੋਭਾਂ ਨਾਲ ਭਾਖ ਲਓ
ਤਰਕਸ਼ ਤੇ ਬਾਰੂਦ ਵਿਚਲੀ ਸਾਂਝ ਨਾਲ
ਦਸਤ-ਪੰਜਾ ਹੋਣ ਲਈ 'ਚੂਲੀ-ਛਕੋ' ਤੇ
ਇਹ ਕਹੋ—
'ਪ੍ਰੇਮ-ਸਾਕੀ, ਚੇਤਨਾ ਦਾ ਜਾਮ ਭਰ ਦੇ ਅੱਜ ਫਿਰ
ਅੱਜ ਫਿਰ ਤੋਂ ਲੋੜ ਸਾਡੀ ਜਾਗ ਪਈ।'

ਜੀ. ਟੀ. ਰੋਡ, ਦਸੂਹਾ।



Sri Satguru Jagjit Singh Ji Elibrary NamdhariElibrary@gmail.com

## ਦੋ ਗਜ਼ਲਾਂ

—ਪ੍ਰਿੰ: ਸੁਰਜੀਤ ਰਾਮਪੁਰੀ

ਬਿਜਲੀ ਦੀ ਛੇੜ ਛਾੜ ਹੀ ਟਹਿਣੀ ਜਲਾ ਗਈ ।
ਤਿਣਕੇ ਹੀ ਤਿਣਕੇ ਜੋੜਦੇ ਉਮਰਾ ਵਿਹਾ ਗਈ ।
ਹਿਕੜੀ ਦਾ ਆਲ੍ਹਣਾ ਮਿਰਾ ਸੁੰਨਸਾਨ ਹੋ ਗਿਆ,
ਗੀਤਾਂ ਦੀ ਉਂਗਲੀ ਯਾਦ ਨੂੰ ਕਿਧਰ ਗੁਆ ਗਈ ।
ਆਈ ਗ਼ਮਾਂ ਦੀ ਰੁੱਤ ਤਾਂ ਅੱਥਰੂ ਛਲਕ ਪਏ,
ਆਈ ਖਿਜ਼ਾਂ ਤਾਂ ਦਾਗ਼ ਦੇ ਫੁੱਲ ਨੂੰ ਖਿੜਾ ਗਈ ।
ਖਬਰੇ ਕਹੀ ਸੀ ਚੀਕ ਜੋ ਧਰਤੀ 'ਚ ਖੁੱਭ ਗਈ,
ਖਬਰੇ ਕਹੀ ਸੀ ਹੂਕ ਜੋ ਅੰਬਰ ਨੂੰ ਖਾ ਗਈ ।
ਆਇਆ ਖ਼ਿਆਲ ਤਾਂ ਮਿਰੇ ਨਗ਼ਮੇ ਜਗਾ ਗਿਆ,
ਆਈ ਜਦੋਂ ਵੀ ਯਾਦ ਉਹ ਜਜ਼ਬੇ ਸੁਲਾ ਗਈ ।

(੨)

ਇਹ ਮਿਰਾ ਪਿਆਰ ਨਹੀਂ ਤੇਰੇ ਗਲ ਦਾ ਗਹਿਣਾ ਹੈ ।
ਅਸੀਂ ਤਾਂ ਜ਼ਿੰਦਗੀ ਭਰ ਹੀ ਸਜਾਂਦੇ ਰਹਿਣਾ ਹੈ !
ਸਜਾਓ ਹੋਰ ਨਾ ਰੀਝਾਂ ਦੀ 'ਵੀਰ ਵਹੁਟੀ' ਨੂੰ,
ਇਦ੍ਹਾ ਤਾਂ ਪੈਸੇ ਦੀ ਮੰਡੀ 'ਚ ਮੁੱਲ ਪੈਣਾ ਹੈ ।
ਪਹਾੜਾਂ, ਜੰਗਲਾਂ, ਸਹਿਰਾ ਨੂੰ ਚੀਰਦੇ ਹੋਏ,
ਨਦੀ ਦੇ ਵਾਂਗਰਾਂ ਨਗ਼ਮੇ ਸੁਣਾਂਦੇ ਰਹਿਣਾ ਹੈ ।
ਸਦਾ ਨਾ ਰਹਿਣੀ ਤਿਰੇ ਹੁਸਨ ਦੀ ਸ਼ਹਿਨਸ਼ਾਹੀ,
ਤਿਰਾ ਗ਼ਰੂਰ ਵੀ ਸਰਮਾਏ ਵਾਂਗ ਢਹਿਣਾ ਹੈ ।
ਕਵੀ ਦੇ ਨਾਮ ਦੀ ਚਰਚਾ ਗਲੀ ਗਲੀ ਹੋਣੀ,
ਤੁਹਾਡਾ ਨਾਮ ਮਿਰੇ ਬਾਦ ਕਿਸਨੇ ਲੈਣਾ ਹੈ ?

## ਦੋ ਗ਼ਜ਼ਲਾਂ

—ਖੁਸ਼ਵੰਤ ਕੰਵਲ

ਸੋਚਿਆ ਨਾ ਸੀ ਕਿ ਇਹ ਵੀ ਹਾਦਸਾ ਹੋ ਜਾਏਗਾ ।
ਆਪਣੇ ਹੀ ਦਰਮਿਆਂ ਇਕ ਫਾਸਲਾ ਹੋ ਜਾਏਗਾ ।
ਮੈਂ ਤਾਂ ਦੁਸ਼ਮਣ ਨੂੰ ਵੀ 'ਜੀ ਆਇਆਂ' ਕਿਹਾ ਨਾ ਸੋਚਿਆ,
ਘਰ ਮਿਰੇ ਮੁਸ਼ਕਿਲ ਮਿਰਾ ਹੀ ਦਾਖਲਾ ਹੋ ਜਾਏਗਾ ।
ਗੱਲ ਸੀ ਸਾਦਾ ਜਿਹੀ ਹੈਰਾਨ ਹਾਂ ਇਹ ਸੋਚ ਕੇ,
ਇਸ ਤਰ੍ਹਾਂ ਸੰਗੀਨ ਸਾਰਾ ਮਾਮਲਾ ਹੋ ਜਾਏਗਾ ।
ਕੋਲ ਜੇਕਰ ਸੱਚ ਹੋਵੇਗਾ ਤਾਂ ਜਿੱਧਰ ਜਾਓਗੇ,
ਲੋਕ ਰਲਦੇ ਜਾਣਗੇ ਤੇ ਕਾਫਲਾ ਹੋ ਜਾਏਗਾ ।
ਜੀ ਲਿਆ ਜੇ ਇਸ਼ਕ ਨੂੰ ਤਾਂ ਹੋਰ ਹੈ ਕੇਹੀ ਖੁਸ਼ੀ,
ਮਰ ਗਏ ਤਾਂ ਇਸ਼ਕ ਵਿਚ ਇਕ ਮਰਤਬਾ ਹੋ ਜਾਏਗਾ ।

੨

ਉਹਨੂੰ ਮੇਰੇ ਉਤੇ ਕੋਈ ਮਾਣ ਨਾ ਰਿਹਾ ।
ਮੈਨੂੰ ਉਹਦੇ ਉਤੇ ਕੋਈ ਤਾਣ ਨਾ ਰਿਹਾ ।
ਕਦੇ ਮੇਰੇ ਹਾਣ ਦੀ ਹੀ ਰਹੀ ਨਾ ਉਮਰ,
ਕਦੇ ਮੈਂ ਹੀ ਉਮਰਾਂ ਦੇ ਹਾਣ ਨਾ ਰਿਹਾ ।
ਉਹਨਾਂ ਵੀ ਜੇ ਢੰਗ ਹੋਰ ਲੱਭ ਲਏ ਨੇ,
ਮੈਂ ਵੀ ਹੁਣ ਓਨਾ ਅਨਜਾਣ ਨਾ ਰਿਹਾ ।
ਪੀਂਘ ਗਈ ਪੀਂਘ ਦੇ ਹੁਲਾਰਿਆਂ ਦੇ ਨਾਲ,
ਰੁੱਖ ਤਾਂ ਹੈ ਰੁੱਖ ਦਾ ਉਹ ਟਾਹਣ ਨਾ ਰਿਹਾ ।
ਗ਼ਜ਼ਲਾਂ ਦੇ ਝੁੰਡ ਵਿਚ ਖੜਾ ਹੈ ਅਲੱਗ,
ਸ਼ਾਇਰ ਖੁਸ਼ਵੰਤ ਬੇ-ਪਛਾਣ ਨਾ ਰਿਹਾ ।

੨੯ ਫੇਅਰਲੈਂਡ ਕਲੋਨੀ
ਅੰਮ੍ਰਿਤਸਰ



Sri Satguru Jagjit Singh Ji Elibrary NamdhariElibrary@gmail.com

ਪੁਸਤਕ ਚਰਚਾ

# ਵਿਸ਼ਵ ਪੰਜਾਬੀ ਸਾਹਿਤ

**ਤਰਸੇਮ ਗੁਜਰਾਲ**

ਅੱਜ ਜਦ ਕਿ ਪ੍ਰਕਾਸ਼ਨ ਦੀ ਸਮੱਸਿਆ ਦਿਨੋ ਦਿਨ ਮਹਿੰਗੇ ਹੁੰਦੇ ਜਾ ਰਹੇ ਪ੍ਰਕਾਸ਼ਨ ਸਾਧਨਾਂ ਕਰਕੇ ਗੰਭੀਰ ਹੁੰਦੀ ਜਾ ਰਹੀ ਹੈ। ਪੰਜਾਬੀ ਸਾਹਿਤ ਵਿਚ ਪ੍ਰਕਾਸ਼ਕ ਬਿਲਕੁਲ ਹੀ ਮਨਫ਼ੀ ਰੋਲ ਅਦਾ ਕਰ ਰਹੇ ਹਨ। ਇਸ ਲਈ ਸਾਹਿਤਕ ਸੰਸਥਾਵਾਂ ਦੁਆਰਾ ਜਾਰੀ ਕੀਤੀਆਂ ਜਾ ਰਹੀਆਂ ਕਿਤਾਬਾਂ ਦਾ ਖ਼ਾਸ ਮਹੱਤਵ ਹੈ, ਜਿਹੜੀਆਂ ਲੇਖਕ ਦੀ ਸੋਚ ਨੂੰ ਬਗੈਰ ਕਿਸੇ ਸੈਲਫਿਸ਼ ਮੋਟਿਫ ਤੋਂ ਪਾਠਕਾਂ ਤੀਕ ਪੁੱਜਦਿਆਂ ਕਰ ਰਹੀਆਂ ਹਨ।

'ਵਿਸ਼ਵ ਸਾਹਿਤ' (ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਆਥਰਜ਼ ਐਂਡ ਆਰਟਿਸਟਸ, ਕੈਨੇਡਾ) ਇਆਪਾ ਵਲੋਂ ਖ਼ੂਬਸੂਰਤ ਪ੍ਰਕਾਸ਼ਿਤ ੪੪੦ ਸਫ਼ਿਆਂ ਦੀ ਇਕ ਅਜਿਹੀ ਪੁਸਤਕ ਹੈ ਜਿਸ ਨੂੰ ਅਮਰੀਕਾ, ਇੰਗਲੈਂਡ, ਸਵਿਟਜ਼ਰਲੈਂਡ ਕੀਨੀਆ, ਕੈਨੇਡਾ, ਡੈਨਮਾਰਕ, ਪਾਕਿਸਤਾਨ ਆਦਿ ਦੇਸ਼ਾਂ ਵਿਚ ਰਹਿ ਕੇ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਘੁੰਮਦੇ ਹੋਏ ਆਈਨੇ ਵਜੋਂ ਪੇਸ਼ ਕੀਤਾ ਗਿਆ ਹੈ, ਰਵਿੰਦਰ ਰਵੀ ਭੂਮਿਕਾ ਵਿਚ ਲਿਖਦੇ ਹਨ, 'ਅੱਜ ਜਦੋਂ ਪੰਜਾਬੀ ਲੋਕ, ਪੰਜਾਬੀ ਸਾਹਿਤਕਾਰ ਤੇ ਕਲਾਕਾਰ ਆਪਣਾ ਭਾਸ਼ਨ ਤੇ ਸਭਿਆਚਾਰਕ ਵਿਰਸਾ ਨਾਲ ਲੈ ਕੇ ਸੰਸਾਰ ਦੇ ਵਖ ਵਖ ਬਹੁ-ਭਾਸ਼ਕ ਤੇ ਬਹੁ ਸਭਿਆਚਾਰਕ ਦੇਸ਼ਾਂ ਵਿਚ ਵਸ ਰਹੇ ਹਨ ਤਾਂ ਇਹ ਅਵੱਸ਼ਕ ਜਾਪਦਾ ਹੈ ਕਿ ਅਸੀਂ ਸਮੁੱਚੇ ਪੰਜਾਬੀ ਜੀਵਨ, ਸਭਿਆਚਾਰ, ਸਾਹਿਤ ਤੇ ਕਲਾ ਆਦਿ ਨੂੰ ਕੇਵਲ ਭਾਰਤੀ ਜਾਂ ਪਾਕਿਸਤਾਨੀ ਪੰਜਾਬ ਤਕ ਹੀ ਨਾ ਸੀਮਤ ਕਰੀਏ, ਸਗੋਂ ਇਨ੍ਹਾਂ ਦੀਆਂ ਗਲੋਬਲ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਸਮਝਣ, ਪਰਖਣ ਦਾ ਯਤਨ ਕਰੀਏ।'

ਇਸ ਸੰਗ੍ਰਹਿ ਦਾ ਫੋਕਸ ਪਾਕਿਸਤਾਨ ਦੇ ਪੰਜਾਬੀ ਸਾਹਿਤ ਉਤੇ ਰਖਿਆ ਹੈ ਅਤੇ ਲਗਪਗ ਸੌ ਸਫ਼ਿਆਂ 'ਤੇ ਛਾਪਿਆ ਗਿਆ ਹੈ। ਪਾਕਿਸਤਾਨੀ ਖੰਡ ਵਿਚ ਅਫਜ਼ਲ ਅਹਿਸਨ ਰੰਧਾਵਾ ਦੀ ਕਵਿਤਾ 'ਤੈਨੂੰ ਨਹੀਂ ਅੰਦਾਜ਼ਾ ਇਕ ਸਾਧਾਰਨ ਕਵਿਤਾ ਹੈ ਤੇ ਬਗੈਰ ਕੋਈ ਪ੍ਰਭਾਵ ਛੱਡਿਆਂ ਖਤਮ ਹੋ ਜਾਂਦੀ ਹੈ। ਫਖਰ ਜ਼ਮਾਨ ਦੀਆਂ ਦੋ ਕਵਿਤਾਵਾਂ 'ਕੰਧ ਲਿਖਿਆ' ਤੇ 'ਸਮੇਂ ਦੀ ਚਾਲ' ਦੀ ਦਿਸ਼ਾ ਸਪਸ਼ਟ ਹੈ, ਪਰ ਉਹ ਕਵਿਤਾ ਦਾ ਅੰਤ ਇਕ ਝਟਕੇ ਨਾਲ ਕਰਦੇ ਹਨ ਜਿਸ ਲਈ ਪਾਠਕ ਤਿਆਰ ਨਹੀਂ ਹੁੰਦਾ ਤੇ ਨਾ ਹੀ ਸਹਿਮਤ। ਮੁਹੰਮਦ ਮਨਸ਼ਾ ਸਲੀਮੀਂ ਦੀ ਕਵਿਤਾ 'ਦੁਧ ਦੇ ਕਾਲੇ ਨਾਗ' ਆਪਣੇ ਸਮੇਂ ਦੀ ਸੁਚੇਤ ਅਤੇ ਤਿੱਖੀ ਸੰਵੇਦਨਾ ਵਾਲੀ ਕਵਿਤਾ ਹੈ। ਕਵਿਤਾ ਵਿਚ ਦੁਧ ਦੀਆਂ ਧਾਰਾਂ ਮੁਢਲੇ ਹੱਕਾਂ ਦਾ ਬਿਆਨ ਹੈ ਕਾਲੇ ਨਾਗ ਉਨ੍ਹਾਂ ਹੱਕਾਂ ਤੇ ਬੈਠੇ ਸੱਪ ਹਨ। ਅਫਜ਼ਲ ਪਰਵੇਜ਼ ਦੀਆਂ ਗ਼ਜ਼ਲਾਂ ਪ੍ਰਭਾਵਿਤ ਕਰਨ ਵਾਲੀਆਂ ਹਨ। ਮੁਨੀਰ ਨਿਆਜ਼ੀ ਤੇ ਲਤੀਫ ਸਾਹਿਲ ਦੀ ਗਜ਼ਲ ਨਾਲੋਂ ਰਫੀਕ ਪਾਸ਼ਾ ਦੀ ਗਜ਼ਲ ਪ੍ਰਯੋਗਪਰਕ ਹੈ।

ਅਫਜ਼ਲ ਅਹਿਸਨ ਰੰਧਾਵਾ ਦੀ ਕਹਾਣੀ 'ਰੰਨ, ਤਲਵਾਰ ਤੇ ਘੋੜਾ' ਹਿੰਦੁਸਤਾਨ ਦੇ ਨਾਵਲਕਾਰ ਬਲਵੰਤ ਸਿੰਘ ਦੇ ਪਾਤਰਾਂ ਦੀ ਯਾਦ ਕਰਾਉਂਦੀ ਹੈ। ਪੰਜਾਬ ਦੇ ਉਚੇ ਲੰਮੇ ਗਭਰੂ ਜਵਾਨ ਜਿਨ੍ਹਾਂ ਵਿਚ ਅਕਸਰ ਝਗੜਾ ਕਿਸੇ ਸੋਹਣੀ ਸੁਣੱਖੀ ਘੋੜੀ ਤੋਂ ਹੁੰਦਾ ਹੈ। ਇਸ ਕਹਾਣੀ ਵਿਚ ਝਗੜੇ ਦੀ ਵਜ੍ਹਾ ਇਕ ਸੋਹਣੀ ਕੁੜੀ ਹੈ। ਅਜਿਹੀਆਂ ਕਹਾਣੀਆਂ ਦਿਲਚਸਪ ਤਾਂ ਹੁੰਦੀਆਂ ਹਨ, ਪਰ ਆਪਣੇ ਸਮੇਂ ਦੀ ਸਮਾਜਿਕ ਸਚਾਈ ਤੋਂ ਦੂਰ ਰਹਿ ਕੇ ਸਾਹਿਤ ਦੀ ਕੀ ਉਪਯੋਗਤਾ ਹੋ ਸਕਦੀ ਹੈ, ਇਹ ਇਕ ਅੱਡ ਸਵਾਲ ਹੈ।

ਅਬਦੁਲ ਗਫੂਰ ਦਰਸ਼ਨ ਦੀ ਕਹਾਣੀ 'ਸੇਲਮੈਨ' ਪਾਤਰ ਦੀ ਸਹੀ ਚੋਣ ਦੇ ਬਾਵਜੂਦ ਵੀ ਕਥਾ ਦੇ ਪ੍ਰਗਟਾ 'ਚ ਪੂਰੀ ਸੰਵੇਦਨਾ ਨਹੀਂ ਸਮੇਟ ਸਕੀ ਤੇ ਕਹਾਣੀ ਦਾ ਇਹ ਸੂਤਰ ਇਹ ਹਕੀਕਤ ਉਹਦੇ ਦਿਲ ਵਿਚ ਕਿੱਲ ਵਾਂਗੂੰ ਖੁੱਭ ਗਈ ਸੀ ਪਰ ਜਿੰਨੇ ਚਿਰ ਤਾਈਂ ਇੰਜ ਲੁਟਮਾਰ ਹੁੰਦੀ ਰਹੇਗੀ ਉਨੇ ਚਿਰ ਤਾਈਂ ਨਾ ਕਿਸੇ ਗ਼ਰੀਬ ਨੂੰ ਖਾਣ ਨੂੰ ਚੱਜ ਦਾ ਲੱਭ ਸਕਦਾ ਏ...' ਉਲਝ ਕੇ ਰਹਿ ਜਾਂਦਾ ਹੈ ਜਦ ਕਿ ਹਨੀਫ ਚੋਧਰੀ ਦੀ 'ਲਹੂ ਦੀਆਂ ਲਕੀਰਾਂ' ਕਹਾਣੀ ਜਿਹੜੀ ਚਿੰਨ੍ਹਾਤਮਕ ਕਹਾਣੀ ਕਹੀ ਗਈ ਹੈ, ਜਿਨ੍ਹਾਂ ਦੀ ਉਲਝੀ ਸ਼ੈਲੀ 'ਚ ਬੇਦਮ ਹੋ ਜਾਂਦੀ ਹੈ।

ਸੰਪਾਦਕ ਦੀ ਦ੍ਰਿਸ਼ਟੀ ਇਕ ਅਜਿਹੀ ਡੋਰੀ ਹੁੰਦੀ ਹੈ ਜਿਸ 'ਚ ਪੂਰੀ ਕਿਤਾਬ ਦਾ ਸ਼ਿਰਾਜ਼ ਬਝਿਆ ਹੋਇਆ ਹੁੰਦਾ। ਇਸ ਤੋਂ ਬਗੈਰ ਜਾ ਇਸ ਦੀ ਕਮਜ਼ੋਰ ਜਾਂ ਗੜਮਡ



Sri Satguru Jagjit Singh Ji Elibrary NamdhariElibrary@gmail.com

ਵਾਲੀ ਹਾਲਤ 'ਚ ਕਿਤਾਬ ਅੱਡ ਰਚਨਾਵਾਂ ਦੀਆਂ ਵੰਨ-ਗੀਆਂ ਤਾਂ ਪੇਸ਼ ਕਰ ਸਕਦੀ ਹੈ, ਪਰ ਉਸ ਦੀ ਸੰਵੇਦਨਾ ਨੂੰ ਇਕ ਜੁੱਟ ਕਰ, ਪਾਠਕ ਤੀਕ ਪੂਰੇ ਅਸਰਦਾਰ ਤਰੀਕੇ ਨਾਲ ਪੁਜਦਿਆਂ ਨਹੀਂ ਕਰ ਸਕਦੀ। ਆਪਣੇ ਸੰਪਾਦਕੀ 'ਚ ਇਹ ਕਥਨ ਕਹਿਣ ਦੇ ਬਾਵਜੂਦ ਕਿ ਇਸ ਪ੍ਰਥਮ ਸੰਕਲਨ ਦਾ ਮੁੱਖ ਲਕਸ਼ ਇਹ ਇਹ ਹੀ ਸੀ ਕਿ ਹਰ ਕਿਸਮ, ਹਰ ਪੱਧਰ ਤੇ ਹਰ ਸਤਰ ਦੇ ਪ੍ਰਾਪਤ ਸਾਹਿਤ ਦੀ ਪ੍ਰਤੀਨਿੱਧਤਾ ਹੋ ਸਕੇ, ਇਸ ਗੱਲ ਤੋਂ ਇੰਨਕਾਰ ਨਹੀਂ ਕੀਤਾ ਜਾ ਸਕਦਾ। ਹੇਠਾਂ ਦੋ ਕਵਿਤਾਵਾਂ ਦੇ ਅੰਸ਼ ਦਿਤੇ ਜਾ ਰਹੇ ਨੇ, ਜਿੰਨ੍ਹਾਂ ਤੋਂ ਸਪਸ਼ਟ ਹੋ ਜਾਂਦੈ ਕਿ ਰਚਨਾਵਾਂ ਦੀ ਮੂਲ ਸੰਵੇਦ੍ਨਾ ਕਿੰਨੀ ਅੱਡ ਹੈ :—

੧. ਮੇਰਾ ਧਰਮ ਈਮਾਨ ਹੈ ਦਾਰੂ
ਮੇਰੀ ਪਿਆਰੀ ਜਾਨ ਹੈ ਦਾਰੂ
ਦਾਰੂ ਮੇਰੀ ਮੈਂ ਦਾਰੂ ਦਾ
ਮੇਰੀ ਇਜ਼ਤਮਾਨ ਹੈ ਦਾਰੂ
... ... ... ...
ਕੀ ਹੋਇਆ ਜੇ ਖ਼ਤਮ ਕਰੇਗਾ
ਦਾਰੂ ਮੇਰੀ ਰਾਮ ਕਹਾਣੀ
ਇਹੋ ਮੈਨੂੰ ਤਾਕਤ ਦੇਂਦੀ
ਲੋਕਾਂ ਲਈ ਖਸਮਾਂ ਖਾਣੀ
(ਦੇਵ ਜਟਾਣਾ ਕੈਨੇਡਾ)

੨. ਅੱਜ ਕਲ ਖੰਜਰ ਦੇ ਤਵੇ 'ਤੇ ਪੱਕਦੀ ਹੈ ਰੋਟੀ
ਬੀਅਰ ਦਾ ਸਵਾਦ ਬਕਬਕਾ ਹੈ
ਜਦੋਂ ਸਰੂਰ ਦੀ ਤਾਰ ਵੱਜਦੀ ਹੈ
ਤਾਂ ਅੱਖਾਂ ਅਗੇ ਯੂਨੀਅਲ ਜੈਕ
ਕਦੇ ਝੰਡਾ, ਕਦੇ ਤੇੜ ਦਾ ਨੰਗ
ਕਦੇ ਦੀਵਾਰ ਬਣ ਜਾਂਦਾ ਹੈ
(ਸੰਤੋਖ –ਇੰਗਲੈਂਡ)

ਪੂਰੇ ਸੰਗ੍ਰਹਿ ਦੇ ਅਧਿਐਨ ਦੌਰਾਨ ਰਚਨਾਵਾਂ ਅੱਡ ਅੱਡ ਪ੍ਰਵਿਤੀਆਂ ਪੇਸ਼ ਕਰਦੀਆਂ, ਅੱਡ ਅੱਡ ਅਸਰ ਛੱਡਦੀਆਂ ਹਨ। ਜੇ ਅਵਤਾਰ ਜੌੜਾ ਦੀ ਕਵਿਤਾ ਮਸ਼ੀਨੀ ਸਭਿਅਤਾ ਦੇ ਤਕਾਜ਼ੇ ਤੇ ਮਾਨਵੀ ਮਸ਼ੀਨੀਕਰਣ 'ਚ ਹੋਂਦ 'ਤੇ ਜ਼ੋਰ ਦੇਂਦੀ ਹੈ ਤਾਂ ਮਿਤਰਰਾਸ਼ਾ ਦੀ ਕਵਿਤਾ 'ਮੇਰਾ ਕਮਰਾ' ਇਕੱਲੇਪਨ ਦੀ ਦਾਸਤਾਨ, ਜੋ ਪਰਮਦੀਪ ਭੁੱਲਰ ਦੀ ਕਵਿਤਾ ਬਾਗੇ ਅਦਨ ਤੋਂ ਬਾਹਰ' ਉਸਦੀ ਪ੍ਰਗਤੀਸ਼ੀਲ ਸੋਚ ਦੀ ਹਾਮੀ ਹੈ ਤਾਂ ਖੁਸ਼ਵੰਤ ਕੰਵਲੀ ਦੀ 'ਲਾਸ਼' ਹਿੰਦੀ ਦੀ ਅਕਵਿਤਾਵਾਦੀ ਪ੍ਰਵਿਰਤੀ ਦੀ ਸੂਚਕ ਹੈ।

## ਸ: ਨਿਰਵੈਰ ਸਿੰਘ 'ਅਰਸ਼ੀ' ਨੂੰ 'ਸੇਵਾ ਸਿਫਤੀ ਅਵਾਰਡ'

ਗੁ: ਸੱਚਖੰਡ ਬੋਰਡ ਨਾਂਦੇੜ ਵਲੋਂ ਪ੍ਰਕਾਸ਼ਤ ਹੋ[illegible] ਵਾਲੇ ਧਾਰਮਕ ਮਾਸਕ ਪੱਤਰ 'ਸੱਚਖੰਡ ਪੱਤਰ' ਦੇ ਸੰਪਾਦ[illegible] ਸ੍ਰ ਨਿਰਵੈਰ ਸਿੰਘ 'ਅਰਸ਼ੀ' ਨੂੰ ੨੮ ਫਰਵਰੀ ੧੯੯੨ [illegible] ਗੁਰਦੁਆਰਾ ਰਕਾਬ ਗੰਜ ਸਾਹਿਬ ਦਿੱਲੀ ਵਿਖੇ 'ਸੇ[illegible] ਇੰਡੀਆ ਇੰਟਰਨੈਸ਼ਨਲ' ਵਲੋਂ 'ਸੇਵਾ ਸਿਫਤੀ ਅਵਾਰ[illegible] ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਹ[illegible] ਨੂੰ ਪੰਜਾਬੀ ਪਤਰਕਾਰੀ, ਸਾਹਿਤ ਅਤੇ ਸਿੱਖ ਇਤਿਹਾਸ ਵਿ[illegible] ਵਿਸ਼ੇਸ਼ ਰੂਪ ਵਿਚ ਯੋਗਦਾਨ ਦੇਣ ਲਈ ਦਿਤਾ ਗਿਆ[illegible] ਇਸ ਅਵਸਰ ਤੇ ਜਿਨ੍ਹਾਂ ਹੋਰ ਨਾਮਵਰ ਵਿਅਕਤੀਆਂ ਨੂੰ ਵ[illegible] ਵਖ ਖੇਤਰਾਂ ਵਿਚ ਪ੍ਰਾਪਤੀਆਂ ਲਈ 'ਸੇਵਾ ਸਿਫ[illegible] ਅਵਾਰਡ' ਦਿਤੇ ਗਏ, ਉਹਨਾਂ ਵਿਚੋਂ ਪ੍ਰਮੁਖ ਸਨ—[illegible] ਗੋਪਾਲ ਸਿੰਘ ਜੀ, ਲੈਫ ਜਨਰਲ ਜਗਜੀਤ ਸਿੰਘ ਅਰੋ[illegible] ਡਾ: ਗੋਬਿੰਦ ਸਿੰਘ ਜੀ ਮਨਸੁਖਾਨੀ, ਡਾ: ਸੁਰਿੰਦਰ ਸਿ[illegible] ਜੀ ਕੋਹਲੀ, ਡਾ: ਫੌਜਾ ਸਿੰਘ ਜੀ, ਡਾ: ਹਰਿਭਜਨ ਸਿ[illegible] ਜੀ, ਡਾ: ਮਹਿੰਦਰ ਕੌਰ ਗਿੱਲ, ਕੰਵਰ ਮਹਿੰਦਰ ਸਿੰਘ ਬੇਦੀ, ਪ੍ਰੋ: ਸ਼ਮਸ਼ੇਰ ਸਿੰਘ ਜੀ, ਡਾ: ਤਰਲੋ[illegible] ਸਿੰਘ ਜੀ, ਸ: ਸੁਰਿੰਦਰ ਸਿੰਘ ਜੀ ਜੌਹਰ ਅਤੇ [illegible] ਮਹਿੰਦਰ ਸਿੰਘ ਜੀ ਸਰਨਾ। ਸਮਾਗਮ ਦੇ ਅਰੰਭ ਵਿਚ ਇ[illegible] ਸੁੰਦਰ ਸੋਵੀਨੀਅਰ ਵੀ ਰੀਲੀਜ਼ ਕੀਤਾ ਗਿਆ, 'ਜਿਸ [illegible] ਰੀਲੀਜ਼ ਕਰਨ ਦੀ ਰਸਮ ਡਾ: ਗੋਪਾਲ ਸਿੰਘ ਜੀ [illegible] ਅਦਾ ਕੀਤੀ।

ਕਿਤਾਬ ਪੜ੍ਹਦਿਆਂ ਇਹ ਸਮਝਣਾ ਮੁਮਕਿਨ ਨ[illegible] ਹੈ ਕਿ ਸੰਪਾਦਕ ਦੇ ਸਾਹਮਣੇ ਆਪਣੀ ਸੰਸਥਾ ਦੇ ਹਰ ਵੇ[illegible] 'ਚ ਰਹਿ ਰਹੇ ਸਫ਼ੀਰ ਦੀ ਰਚਨਾ ਛਾਪਣ ਦੀ ਕੋਈ ਮ[illegible] ਬੂਰੀ ਸੀ ਤੇ ਨਾ ਹੀ ਇਹ ਰੀਵਿਊ ਦੀ ਦਿਸ਼ਾ ਹੈ। [illegible] ਇਸ ਦੇ ਅਧਿਐਨ 'ਚ ਇਕ ਦ੍ਰਿਸ਼ਟੀ ਦਾ ਨਾ ਹੋ[illegible] ਚੁੱਭਦਾ ਹੈ। ਸੰਪਾਦਕ ਤੋਂ ਅਗਲੇ ਆਉਣ ਵਾਲੇ ਸੰਕ[illegible] ਵਿਚ ਇਸ ਵਲ ਧਿਆਨ ਦੇਣੀ ਦੀ ਸਲਾਹ ਸੰਪਾਦ[illegible] ਦੀਆਂ ਇਹ ਸਤਰਾਂ ਪੜ੍ਹ ਕੇ ਜ਼ਰੂਰ ਦੇਣੀ ਚਾਹਾਂਗ[illegible] ਅਗਾਮੀ ਸੰਕਲਨਾਂ ਲਈ ਚੋਣ ਦੇ ਕੀ ਅਧਾਰ ਹੋਣੇ ਚਾਹੀ[illegible] ਹਨ, ਜਾਂ ਹੋਣਗੇ, ਇਸਦਾ ਨਿਰਣਾ ਅਸੀਂ ਲੇਖਕਾਂ ਪਾਠ[illegible] ਤੇ ਸਮੀਖਿਆਕਾਰਾਂ ਦੇ ਪ੍ਰਤੀਕਰਮਾਂ ਨੂੰ ਜਾਣ ਕੇ, ਪਰ ਇ[illegible] ਦੇ [illegible] ਹੀ ਵੇਲੇ ਦੀ ਲੋੜ ਨੂੰ ਪ੍ਰਮੁੱਖ ਰਖ ਕੇ ਸਮੇਂ [illegible] ਕਰਦੇ ਰਹਾਂਗੇ।



Sri Satguru Jagjit Singh Ji Elibrary NamdhariElibrary@gmail.com

ਮੇਰੇ ਸਮਕਾਲੀ ਲੇਖਕ :

# ਹਲਵਾਰਵੀ ਦੀ ਉਦਾਸ ਪੌਣ

—ਪ੍ਰੇਮ ਗੋਰਖੀ

ਤੇਰੀ ਤ੍ਰੇਹ ਦੀ ਸੀਮਾ ਤਾਂ ਸੀ
ਇਕ ਦੋ ਬੂੰਦਾਂ ਪਾਣੀ,
ਬਸ ਐਵੇਂ ਹੀ ਪਿਘਲ ਗਿਆ ਸਾਂ
ਮੈਂ ਸਾਰੇ ਦਾ ਸਾਰਾ ।

ਮੰਨਦੇ ਓ ਨਾ ਤੁਸੀਂ ਕਿ ਇਹ ਸ਼ਿਅਰ ਸੋਹਣਾ ਹੈ, ਬੜਾ ਫੱਬਵਾਂ, ਗੁੰਦਿਆਂ ਹੋਇਆ ਹੈ । ਸ਼ਾਇਰ ਦਾ ਖਿਆਲ ਬੜੀ ਮਜ਼ਬੂਤੀ ਵਾਲਾ ਹੈ ਜਿਸ ਨੂੰ ਉਹਨੇ ਕਲਾਮਈ ਢੰਗ ਨਾਲ ਬਿਆਨ ਕੀਤਾ ਹੈ । ਹਲਵਾਰਵੀ ਦੀ ਉਹ ਗ਼ਜ਼ਲ ਬਹੁਤ ਨਰੋਈ ਤੇ ਖੂਬਸੂਰਤ ਆਖੀ ਜਾ ਸਕਦੀ ਹੈ ਜਿਸ ਚੋਂ ਇਹ ਸ਼ਿਅਰ ਲੈ ਕੇ ਮੈਂ ਹਲਵਾਰਵੀ ਬਾਰੇ ਗੱਲ ਕਰ ਰਿਹਾ ਹਾਂ ।

ਹਲਵਾਰਵੀ ਗੁੰਦਵੇਂ ਸਰੀਰ ਦਾ ਦਰਮਿਆਨੇ ਕੱਦ ਵਾਲਾ ਆਦਮੀ ਹੈ ।

ਲਾਲ ਸੂਹਾ ਚਿਹਰਾ, ਅੱਧਾ ਸਿਰ ਗੰਜਾ, ਤਿੱਖੀ ਨਜ਼ਰ ਤੇ ਅਤਿ ਦਾ ਗੁੱਸੇ ਖੋਰ ਇਹ ਸ਼ਖਸ ਕਿਲਕਾ ਮਾਰ ਮਾਰ ਹੱਸਦਾ ਹੈ । ਜ਼ਿੰਦਗੀ ਵਿਚ ਉਹ ਜਾਂ ਤਾਂ ਸਫਾਈ ਪਾਬੰਦ ਰਹਿਣਾ ਚਾਹੁੰਦਾ ਹੈ ਜਾਂ ਫਿਰ ਸਚਾਈ ਪਸੰਦ । ਸਚਾਈ ਪਸੰਦ ਇਨਸਾਨ ਨੂੰ ਹਮੇਸ਼ਾਂ ਗੁੱਸਾ ਬਹੁਤਾ ਆਉਂਦਾ ਹੈ ਤੇ ਜ਼ਿੰਦਗੀ ਵਿਚ ਉਹਦੇ ਯਾਰ ਪੱਟਿਆਂ ਤੇ ਗਿਣੇ ਜਾ ਸਕਣ ਵਾਲੇ ਹੁੰਦੇ ਨੇ । ਹਲਵਾਰਵੀ ਉਤੇ ਇਹ ਗੱਲ ਢੁਕਾਈ ਜਾ ਸਕਦੀ ਹੈ ।

ਉਹ ਤੀਖਣ ਬੁੱਧੀ ਦਾ ਮਾਲਕ ਹੈ । ਕਾਹਲੀ ਨਾਲ ਬੱਸ 'ਚ ਬੈਠੇਗਾ, ਚਾਹੇਗਾ ਇਕ ਦਮ ਬੱਸ ਠਿਕਾਣੇ 'ਤੇ ਪੁੱਜ ਜਾਵੇ । ਉਹ ਕਾਹਲੀ ਕਾਹਲੀ ਰੋਟੀ ਖਾਵੇਗਾ, ਕਾਹਲੀ ਕਾਹਲੀ ਬੋਲੇਗਾ ਤੇ ਕਾਹਲੀ ਵਾਲਾ ਸਿਧਾਂਤ ਹੀ ਮੁਹੱਬਤ 'ਤੇ ਲਾਗੂ ਕਰੇਗਾ—ਪਰ ਮੇਰਾ ਖਿਆਲ ਹੈ ਕਾਹਲੀ ਤੇ ਮੁਹੱਬਤ ਦਾ ਸੁਮੇਲ ਨਹੀਂ । ਮੁਹੱਬਤ ਵਿਚ ਸਮਾਂ ਅਜਾਈਂ ਜਾਂਦਾ ਹੈ ਬੁੱਕਲ 'ਚ ਛੁੱਪ ਕੇ ਆਪਣੇ ਤੋਂ ਦੂਰ ਕਰ ਦਿੰਦਾ ਹੈ । ਅੱਜ ਕੱਲ੍ਹ ਉਹ 'ਪੰਜਾਬੀ ਟ੍ਰਿਬਿਊਨ' 'ਚ ਸਹਾਇਕ ਸੰਪਾਦਕ ਹੈ ।

'ਪੌਣ ਉਦਾਸ ਹੈ, ਹਰਭਜਨ ਹਲਵਾਰਵੀ ਦੀਆਂ ਕਵਿਤਾਵਾਂ ਦਾ ਪਹਿਲਾ ਸੰਗ੍ਰਹਿ ਹੈ ਜਿਸ ਵਿਚ ਨਜ਼ਮਾਂ, ਗ਼ਜ਼ਲਾਂ ਤੇ ਗੀਤ ਸ਼ਾਮਲ ਹਨ ।

ਜ਼ਿੰਦਗੀ ਦੇ ਅਤਿ-ਹੁਸੀਨ ਵਰ੍ਹਿਆਂ ਨੂੰ ਹਲਵਾਰਵੀ ਨੇ ਵਤਨ ਦੀ ਜ਼ਮੀਰ ਦੇ ਲੇਖੇ ਲਾਇਆ ਹੈ । ਸਮਾਜ ਵਿਚ ਪ੍ਰੀਵਰਤਨ, ਲੁੱਟ-ਖਸੁੱਟ ਵਿਰੁਧ ਸੰਘਰਸ਼, ਸੱਤਾ ਤੇ ਕਾਬਜ਼ ਭ੍ਰਿਸ਼ਟ ਲੋਕਾਂ ਨੂੰ ਭਾਂਜ ਦੇਣ ਲਈ ਉਸ ਨੇ ਆਪਣਾ ਸਿਰ ਤਲੀ ਤੇ ਰੱਖ ਕੇ ਰਣ-ਖੇਤਰ ਨੂੰ ਬਹੁਤਾ ਚਿਰ ਕਲਮ-ਕਾਗਜ਼ ਬਣਾਈ ਰਖਿਆ ਹੈ । ਇਹੋ ਵਜ੍ਹਾ ਹੈ ਕਿ ਉਸ ਦੀ ਕਵਿਤਾ ਵਿਚ ਵਿਦਰੋਹੀ ਸੁਰ ਦਾ ਅਲਾਪ ਹੈ, ਭੈੜੇ ਸਮਾਜ ਪ੍ਰਤੀ ਸ਼ਿਕਵੇਂ ਗਿਲੇ ਹਨ ।

ਕਿਉਂ ਦਰ ਦਰ 'ਤੇ
ਅਲਖ ਜਗਾਈਏ
ਅਸੀਂ ਨਾ ਕੋਈ ਭਿਖਾਰੀ
ਖੋਹ ਲੈਣੇ ਕਣਕ ਦੇ ਸਿੱਟੇ
ਨਾਲ ਵੈਰੀਆਂ ਲੜ ਕੇ ।

ਕਿਤਾਬ ਵਿਚ ਜਿੰਨੀਆਂ ਵੀ ਨਜ਼ਮਾਂ ਸ਼ਾਮਲ ਹਨ ਹਲਵਾਰਵੀ ਦਾ ਜਲਾਲ ਭਰਿਆ ਚਿਹਰਾ ਇਹਨਾਂ ਵਿਚ ਨਜ਼ਰ ਆਉਂਦਾ ਹੈ । ਉਸ ਦੇ ਅੰਦਰਲਾ ਸੰਘਰਸ਼ ਕਰਦਾ ਮਨੁੱਖ ਇਹਨਾਂ ਕਵਿਤਾਵਾਂ ਵਿਚ ਨੰਗਾ ਹੈ ਤੇ ਉਹ ਮੈਦਾਨੇ ਜੰਗ ਵਿਚ ਕੁੱਦਣ ਲਈ ਹੱਕ ਸੱਚ ਲਈ ਲੜਨ ਲਈ ਸਾਥੀਆਂ ਨੂੰ ਸੱਦਾ ਦਿੰਦਾ ਹੈ । ਪਰ ਗ਼ਜ਼ਲਾਂ ਵਿਚ ਜੋ ਹਲਵਾਰਵੀ ਹੈ ਉਹ ਇਕ ਦੂਸਰਾ ਮਨੁੱਖ ਹੈ । ਇਥੇ ਤੁਸੀਂ ਹੈਰਾਨ ਵੀ ਹੋਵੋਗੇ ਮੇਰੀ ਜਾਚੇ ਹਰ ਮਨੁੱਖ ਕਈ ਕਈ ਜ਼ਿੰਦਗੀਆਂ ਜੀਊਂਦਾ ਹੈ ਤੇ ਇਥੇ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ । ਨਾਲੇ ਸ਼ਾਇਰ ਲੋਕਾਂ ਦਾ ਮੱਤ ਹੈ ਕਿ ਗ਼ਜ਼ਲ ਮਹਿਬੂਬ ਦੀ ਸਿਫਤ ਸਲਾਹ 'ਚ ਲਿਖੀ ਜਾਣ ਵਾਲੀ ਚੀਜ਼ ਹੈ ।

ਦੋਸ਼ ਕੱਚੇ ਘੜੇ ਨੂੰ ਦੇਣਾ
ਤੇਰਾ ਜਾਇਜ਼ ਜਿਵੇਂ
ਤੇਰੇ ਤੇ ਮੇਰੇ ਵਿਚਾਲੇ
ਵਗ ਰਿਹਾ ਦਰਿਆ ਨਾ ਸੀ ।
ਜ਼ਿਕਰ ਸੁਣ ਕੇ ਤੇਰੇ ਨਾਂ ਦਾ
ਗਿਆ ਕਿਵੇਂ ਇਹ ਕੀਲਿਆ
ਇਸ ਤਰ੍ਹਾਂ ਪਹਿਲਾਂ ਕਦੇ ਵੀ
ਇਹ ਸਮਾਂ ਰੁਕਿਆ ਨਾ ਸੀ ।



Sri Satguru Jagjit Singh Ji Elibrary NamdhariElibrary@gmail.com

ਕਿਰ ਗਏ ਨੇ ਸਿਮਰਤੀ ਚੋਂ
ਸਭ ਤੇਰੇ ਪਹਿਚਾਣ-ਚਿੰਨ੍ਹ
ਫਿਰ ਵੀ ਤੇਰਾ ਨਾਂ ਮੇਰੇ
ਅਹਿਸਾਸ ਵਿਚ ਆਂਦਾ ਰਿਹਾ ।
ਮੇਰਾ ਸੁਪਨੇ ਦੇਖਣਾ ਵੀ ਹੈ
ਉਹਨਾਂ ਨੂੰ ਨਾ ਪਸੰਦ
ਇਹ ਮੇਰੀ ਕਿਸਮਤ ਕਹੋ
ਜਾਂ ਬਦਕਿਸਮਤੀ ।

ਪਰ ਫਿਰ ਵੀ ਜੇਕਰ ਆਪਾਂ ਦਲੀਲ ਨਾਲ ਗੱਲ ਅੱਗੇ ਤੋਰੀਏ ਤਾਂ ਇਹ ਪੂਰਨ-ਭਾਂਤ ਸਚਾਈ ਜ਼ਾਹਰ ਹੁੰਦੀ ਹੈ ਕਿ ਹਲਵਾਰਵੀ ਗ਼ਜ਼ਲਾਂ ਵਿਚ ਵੀ ਨਿਰਾ-ਪੁਰਾ ਮਹਿਬੂਬ ਦੀਆਂ ਗੱਲਾਂ ਨਹੀਂ ਛੂੰਹਦਾ, ਉਹ ਇਥੇ ਵੀ ਆਪਣੇ ਮੁੱਖ ਨਿਸ਼ਾਨੇ ਤੇ ਹੀ ਚੋਣ ਕਰਦਾ ਹੈ ।

ਰੋਟੀ ਦੇ ਟੁਕੜੇ ਦੇ ਬਾਝੋਂ
ਭੁੱਖ ਨੂੰ ਸਬਰ ਕਿਵੇਂ ਆਵੇ,
ਕਿੰਨਾ ਚਿਰ ਬੰਨ੍ਹ ਬੰਨ੍ਹ ਕੇ ਰੱਖੀਏ
ਢਿੱਡ ਉੱਤੇ ਝੂਠਾ ਧਰਵਾਸ ।
ਚਲ ਮਨਾਂ ਏਥੋਂ ਵੀ ਚਲੀਏ
ਧਰਤ ਨਵੀਂ ਕੋਈ ਗਾਹੀਏ ।
ਜਾਪੇ ਇਹ ਵੀ ਤੰਗ ਚੌਗਿਰਦਾ
ਰਾਸ ਨਾ ਆਇਆ ।

---

ਮਿੱਟੀ ਰੰਗੇ ਲੋਕ ਤੋਂ ਬਾਅਦ ਚਰਚਿਤ ਨੌਜਵਾਨ ਕਹਾਣੀ ਲੇਖਕ

**ਪ੍ਰੇਮ ਗੋਰਖੀ** ਦਾ ਨਵਾਂ ਕਹਾਣੀ ਸੰਗ੍ਰਹਿ **ਜੀਣ-ਮਰਨ** ਛਪ ਗਿਆ ਹੈ । ਪੁਸਤਕ ਵਿਚ ਲੇਖਕ ਦੀਆਂ ਪ੍ਰਤੀਨਿਧ ਕਹਾਣੀਆਂ ਹਨ ।

ਪ੍ਰਕਾਸ਼ਕ : ਦੀਪਕ ਪਬਲਿਸ਼ਰਜ਼ ਮਾਈ ਹੀਰਾਂ ਗੇਟ ਜਲੰਧਰ ।

---

## ਹਰਭਜਨ ਸਿੰਘ ਕੋਮਲ ਨੂੰ ਹਰਿਆਣਾ ਸਾਹਿਤਕ ਅਕਾਦਮੀ ਐਵਾਰਡ

ਹਰਿਆਣਾ ਸਾਹਿਤ ਅਕਾਦਮੀ ਨੇ, ਇਸ ਵਰ੍ਹੇ ਦਾ ਸਰੇਸ਼ਟ ਪੰਜਾਬੀ ਅਵਾਰਡ, ਪਰਸਿਧ ਪੰਜਾਬੀ ਲੇਖਕ ਸ੍ਰੀ ਹਰਭਜਨ ਸਿੰਘ ਕੋਮਲ ਨੂੰ ਦੇਣ ਦਾ ਐਲਾਨ ਕੀਤਾ ਹੈ। ਇਹ ਐਵਾਰਡ ਉਹਨਾਂ ਨੂੰ ਉਹਨਾਂ ਦੀ ਨਵੀਂ ਕਾਵਿ-ਪੁਸਤਕ 'ਮੁਖਬੰਦ' ਲਈ ਦਿਤਾ ਗਿਆ ਹੈ !

# ਬੰਬਈ ਵਿਚ ਪ੍ਰਕਾਸ਼ ਦਿਵਸ

ਬੰਬਈ ਤੋਂ ਦੇਰ ਨਾਲ ਮਿਲੀ ਸੂਚਨਾ ਅਨੁਸਾਰ ਉਥੇ ਬਸੰਤ ਪੰਚਮੀ ਦਾ ਉਸਤਵ (ਪ੍ਰਕਾਸ਼ ਦਿਵਸ ਸਤਿਗੁਰੂ ਰਾਮ ਸਿੰਘ ਜੀ) ਧੂਮ ਧਾਮ ਨਾਲ ਮਨਾਇਆ ਗਿਆ । ਨਾਮਧਾਰੀ ਸੰਗਤ ਦੇ ਸਕੱਤਰ ਸੰਤ ਹਜ਼ੂਰ ਸਿੰਘ ਗੁਲਾਟੀ ਅਨੁਸਾਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਤੋਂ ਪ੍ਰੋਗਰਾਮ ਆਰੰਭ ਹੋਇਆ ਜੋ ਸ਼ਾਮ ਦੇ ਪੰਜ ਵਜੇ ਤੱਕ ਚਲਦਾ ਰਿਹਾ । ਸਮਾਗਮ ਦੇ ਮੁਖ ਆਕਰਸ਼ਨ ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲੇ ਅਤੇ ਜਥੇਦਾਰ ਦਾਨ ਸਿੰਘ ਜੀ ਦਾ ਜਥਾ ਸੀ ਜਿਨ੍ਹਾਂ ਵਾਰ ਦਾ ਕੀਰਤਨ ਅਤੇ ਬਾਅਦ ਵਿਚ ਤਿੰਨ ਘੰਟੇ ਹੱਲੇ ਦਾ ਦੀਵਾਨ ਸਜਾਇਆ । ਇਸ ਉਸਤਵ ਤੇ ਮਸ਼ਹੂਰ ਕਥਾਕਾਰ ਕੀਰਤਨ ਕਾਰ ਅਤੇ ਸੰਗੀਤਕਾਰ ਪੁਜੇ ਹੋਏ ਸਨ । ਸੰਤ ਬਿਸ਼ਨ ਸਿੰਘ ਕ੍ਰੀਟ ਹਰਦੁਆਰ ਵਾਲੇ, ਸੰਤ ਹਰਭਜਨ ਸਿੰਘ ਖੰਡੂਵਾਈਏ, ਸੰਤ ਸੁੰਦਰ ਸਿੰਘ ਫਰੀਦ ਜਿਹੇ ਕਥਾਕਾਰ, ਸੰਤ ਧੰਨਾ ਸਿੰਘ ਬੰਬਈ, ਸ. ਮਹਿੰਦਰ ਜੀਤ ਸਿੰਘ, ਸੁਰਿੰਦਰ ਸਿੰਘ ਸੁਮਨ, ਹਰਜਿੰਦਰ ਸਿੰਘ (ਸੰਤੂਰ); ਸੁਰਜੀਤ ਸਿੰਘ (ਸਾਰੰਗੀ), ਕਿਰਨਪਾਲ ਸਿੰਘ (ਤਬਲਾ-ਸੰਤੂਰ) ਸਤਿਪਾਲ ਸਿੰਘ ਜੰਮੂ (ਬੰਸਰੀ) ਆਦਿਕ ਸੰਗੀਤਕਾਰ ਤੇ ਕੀਰਤਨਕਾਰਾਂ ਨੇ ਸਾਰਾ ਦਿਨ ਲਗਾਤਾਰ ਰੰਗ ਬੰਨੀ ਰਖਿਆ । ਸ. ਦਾਨ ਸਿੰਘ ਕੋਮਲ ਐਂਡ ਪਾਰਟੀ ਨੇ ਕਵਿਤਾਵਾਂ ਦੁਆਰਾ, ਅਤੇ ਸ. ਹਰੀ ਸਿੰਘ ਸ਼ੇਰ ਗਿੱਲ ਅਤੇ ਬੰਬਈ ਦੇ ਹੋਰ ਪਤਵੰਤੇ ਸਜਨਾਂ ਨੇ ਵਿਚਾਰਾਂ ਦੁਆਰਾ ਸਤਿਗੁਰੂ ਜੀ ਦੇ ਜੀਵਨ ਤੇ ਚਾਨਣਾ ਪਾਇਆਂ । ਪਾਠ ਦਾ ਭੋਗ ਪਾਇਆ ਗਿਆ ਅਤੇ ਸਾਰਾ ਦਿਨ ਹੀ ਗੁਰੂ ਕਾ ਲੰਗਰ ਅਤੁਟ ਵਰਤਦਾ ਰਿਹਾ । ਇਹ ਸਾਰਾ ਪ੍ਰੋਗਰਾਮ ਨਾਮਧਾਰੀ ਧਰਮਸਾਲਾ ਦੇ ਨੇੜੇ, ਤੇਂਡੂਲਕਰ ਹਾਲ ਲੇਡੀ ਹਾਰਡਿੰਗ ਰੋਡ ਬੰਬਈ-੧੬ ਵਿਖੇ ਹੋਇਆ ।

---

## ਡਾਕਟਰ ਜਗਤਾਰ ਪੁਰਸਕਾਰਿਤ

ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਨੇ ਸਾਲ ੧੯੮੨ ਦਾ ੨੫੦੦ ਰੁਪਏ ਦਾ ਪੁਰਸਕਾਰ ਪੰਜਾਬੀ ਦੇ ਪ੍ਰਸਿੱਧ ਕਵੀ ਡਾ: ਜਗਤਾਰ ਨੂੰ ਉਹਨਾਂ ਦੀ ਪੁਸਤਕ "**ਸ਼ੀਸ਼ੇ ਦੇ ਜੰਗਲ**' ਦੇ ਅਧਾਰ ਤੇ ਭੇਟ ਕੀਤਾ ਹੈ ।



Sri Satguru Jagjit Singh Ji Elibrary NamdhariElibrary@gmail.com

# ਇਕ ਚਿੱਠੀ ਗਿਆਨੀ ਜ਼ੈਲ ਸਿੰਘ ਨੂੰ

ਵਰਿਆਮ ਦੇ ਪਰਮ ਸਨੇਹੀ ਸ: ਜੁਗਿੰਦਰ ਸਿੰਘ ਆਫ਼ ਜੇਸਨ ਸੇਲਜ਼ ਕਾਰਪੋਰੇਸ਼ਨ ਦਿਲੀ ਨੇ ਗੋਲਾ ਗੋਕਰਨ-ਨਾਥ ਵਿਖੇ ਗਿਆਨੀ ਜ਼ੈਲ ਸਿੰਘ ਦੇ ਭਾਸ਼ਨ ਦੇ ਸਬੰਧ ਵਿਚ ਉਹਨਾਂ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਔਰਤਾਂ ਨੂੰ ਸਹੁਰਿਆਂ ਘਰ ਹਿਸੇ ਦੇ ਸਬੰਧ ਵਿਚ ਕੁਝ ਵਿਚਾਰ ਸਨ। ਉਹ ਚਿਠੀ ਅਸੀਂ ਪਾਠਕਾਂ ਦੇ ਗਿਆਨ ਲਈ ਪ੍ਰਕਾਸ਼ਤ ਕਰ ਰਹੇ ਹਨ।

—ਸੰਪਾਦਕ



ਸ: ਜੋਗਿੰਦਰ ਸਿੰਘ

੧ੴ

ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਸਹਾਇ

ਪਰਮ ਸਤਿਕਾਰ ਯੋਗ ਆਦਰਨੀਯ ਗਿਆਨੀ ਜ਼ੈਲ ਸਿੰਘ ਜੀ

ਸੁਨਿਮ੍ਰ ਸਤਿ ਸ੍ਰੀ ਅਕਾਲ

੧੯੯੨ ਦੇ ਹੋਲੇ ਮਹੱਲੇ ਦੇ ਸ਼ੁਭ ਅਵਸਰ ਤੇ ਆਪ ਜੀ ਨੇ ਗੋਲਾ ਗੋਕਰਨ ਵਿਖੇ ਦਰਸ਼ਨ ਦੇ ਕੇ ਜਿਥੇ ਹੋਲੇ ਦੀ ਰੌਣਕ ਨੂੰ ਚਾਰ ਚੰਦ ਲਗਾਏ ਉਥੇ ਸਮੂਹ ਦਰਸ਼ਕਾਂ ਨੂੰ ਡੂੰਘਾ ਪਿਆਰ ਵੀ ਦਿਤਾ। ਆਪ ਜੀ ਨੇ ਬਹੁ-ਪੱਖੀ ਵਿਚਾਰਾਂ ਰਾਹੀਂ ਸਮੂਹ ਨਰ, ਨਾਰੀ ਨੂੰ ਬੜੇ ਸੁਚਜੇ ਢੰਗ ਨਾਲ ਪ੍ਰਭਾਵਤ ਕੀਤਾ। ਜਿਸ ਦੇ ਫਲ ਸਰੂਪ ਸਾਰਾ ਵਾਤਾਵਰਨ ਆਪ ਜੀ ਦੀ ਪ੍ਰਸ਼ੰਸਾ ਨਾਲ ਸਗੰਧਤ ਹੋ ਰਿਹਾ ਸੀ। ਆਪ ਜੀ ਨੇ ਬੜੇ ਅਨੂਠੇ ਢੰਗ ਨਾਲ ਨਾਰੀ ਜੀਵਨ ਅਤੇ ਦਹੇਜ ਦੀ ਸਮਸਿਆ ਬਾਰੇ ਸਰਕਾਰ ਵਲੋਂ ਕੀਤੇ ਜਾ ਰਹੇ ਉਪਰਾਲੇ ਤੇ ਅਪਨੇ ਨਿੱਜੀ ਸੁਝਾਵ ਤੇ ਚਾਨਨਾ ਪਾਇਆ।

ਮੈਂ ਆਪਣੀ ਛੋਟੀ ਜਹੀ ਬੁਧੀ ਅਨੁਸਾਰ ਆਪਣੇ ਵਿਚਾਰ ਆਪ ਜੀ ਦੇ ਪਾਸ ਰਖਣਾ ਚਾਹੁੰਦਾ ਹਾਂ ਉਮੀਦ ਹੈ ਕਿ ਆਪ ਆਪਣੇ ਵਿਚਾਰਾਂ ਨਾਲ ਇਨ੍ਹਾਂ ਨੂੰ ਵੀ ਜੋੜ ਕੇ ਨਾਰੀ ਜਗਤ ਅਤੇ ਸਮਾਜ ਦੀ ਭਲਾਈ ਵਿਚ ਇਕ ਵੱਡਾ ਹਿੱਸਾ ਪਾਉਗੇ।

੧ ਲੜਕੀ ਨੂੰ ਲੜਕਿਆਂ ਵਾਂਗ ਪਿਤਾ ਦੀ ਜਾਇਦਾਦ ਦਾ ਬਰਾਬਰ ਹਿੱਸੇਦਾਰ ਬਨਾਉਣਾ, ਦਹੇਜ ਦੀ ਲਾਨਤ ਨਾਲੋਂ ਵੀ ਵੱਡੀ ਲਾਨਤ ਬਣ ਜਾਏਗੀ। ਇਸ ਨਾਲੋਂ ਤਾਂ ਦਹੇਜ ਦੇਣਾ ਹੀ ਚੰਗਾ ਹੋਵੇਗਾ।

(ੳ) ਕੀ ਪਿਤਾ ਦੀ ਜਾਇਦਾਦ ਦਾ ਹਿੱਸਾ ਲੈ ਕੇ ਸਦੀਆਂ ਤੋਂ ਚਲਿਆ ਆ ਰਿਹਾ ਭੈਣ ਭਰਾ ਦਾ ਪਿਆਰ ਭਰਿਆ ਰਿਸ਼ਤਾ ਫਿਕਾ ਨਹੀਂ ਪੈ ਜਾਏਗਾ।

(ਅ) ਕੀ ਸਹੁਰੇ ਘਰ ਵਾਲੇ ਇਸ ਹਿੱਸੇ ਦੀ ਆੜ ਨਾਲ ਲੜਕੀਆਂ ਨੂੰ ਵਧੇਰੇ ਦੁਖੀ ਨਹੀਂ ਕਰਨਗੇ।

(ੲ) ਕੀ ਅਮੀਰ ਗਰੀਬ ਦੀ ਲੜਕੀ ਦਾ ਹਿੱਸੇ ਦੀ ਅੱਗ ਵਿਚ ਝਗੜਿਆਂ ਦਾ ਵਧੇਰੇ ਹੋਣ ਦਾ ਡਰ ਨਹੀਂ? ਮੇਰੇ ਵਿਚਾਰ ਅਨੁਸਾਰ ਇਹ ਹੈ ਕਿ ਜਦੋਂ ਲੜਕੀ ਵਿਆਹੀ ਜਾਏ ਤਾਂ ਪਰਾਈ ਹੋ ਜਾਂਦੀ ਹੈ ਅਤੇ ਅਤੇ ਇਸ ਸਚਾਈ ਨੂੰ ਸਭ ਮੰਨਦੇ ਹਾਂ ਚਾਹੇ ਅਸੀਂ ਕਿਸੇ ਵੀ ਧਰਮ ਵਿਚ ਹੋਈਏ।

ਫੇਰ ਲੜਕੀ ਨੂੰ ਵਿਆਹ ਤੋਂ ਉਪਰੰਤ ਸਹੁਰੇ ਘਰ ਦੀ ਮਾਲਕ ਵੀ ਸਮਝਿਆ ਜਾਂਦਾ ਹੈ। ਤਾਂ ਉਸ ਨੂੰ ਸਹੁਰੇ ਅਤੇ ਪਤੀ ਦੀ ਜਾਇਦਾਦ ਦਾ ਹਿੱਸੇਦਾਰ ਕਿਉਂ ਨਹੀਂ ਬਨਾਇਆ ਜਾਂਦਾ? ਉਸਨੂੰ ਸਹੁਰੇ ਘਰ ਦਾ ਖ਼ੂਨੀ ਰਿਸ਼ਤਾ (Blood Relation) ਕਿਉਂ ਨਹੀਂ ਸਮਝਿਆ ਜਾਂਦਾ? ਇਥੇ ਕਾਨੂੰਨ ਚੁਪ ਕਿਉਂ ਹੈ। ਉਸ ਵਿਚੋਂ ਪੈਦਾ ਹੋਣ ਵਾਲੇ ਬਚੇ ਤਾਂ ਸਹੁਰੇ ਤੇ ਪਤੀ ਦੇ Blood Relation ਹਨ ਪਰ ਉਨ੍ਹਾਂ ਨੂੰ ਪੈਦਾ ਕਰਨ ਵਾਲਾ ਕਿਉਂ ਨਹੀਂ?

ਹਾਂ ਜੇ ਲੜਕੀ ਆਪਣੇ ਪਤੀ ਵਾਂਗ ਬਰਾਬਰ ਦੀ ਹਿੱਸੇਦਾਰ ਬਨਾਈ ਜਾਏ ਤਾਂ ਦਹੇਜ ਅਤੇ ਔਰਤ ਦੇ ਸਨਮਾਨ ਦਾ ਮਸਲਾ ਹੱਲ ਹੋ ਸਕਦਾ ਹੈ।

ਇਸ ਦੇ ਲਾਭ ਕੀ ਹਨ?

੧. ਔਰਤ ਦਾ ਮਾਨ ਤੇ ਸਨਮਾਨ ਸੁਰਖਿਅਤ ਹੋ

(ਬਾਕੀ ਸਫਾ ੩੨ ਤੇ)



Sri Satguru Jagjit Singh Ji Elibrary NamdhariElibrary@gmail.com

# ਲਿਖਾਰੀ ਸਭਾ ਜਗਤਪੁਰ

## ਵਾਰਸ਼ਕ ਸਮਾਗਮ

ਪਿਛਲੇ ਦਿਨੀਂ ਪਿੰਡ ਵਿਰਕਾਂ ਵਿਖੇ ਲਿਖਾਰੀ ਸਭਾ ਜਗਤਪੁਰ ਦੇ ਵਾਰਸ਼ਿਕ ਸਾਹਿਤ ਸਮਾਰੋਹ ਦਾ ਉਦਘਾਟਨ ਡਾ: ਆਰ. ਡੀ. ਨਰ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਨੇ ਕੀਤਾ। ਡਾ. ਨਰ ਨੇ ਸਭਾ ਦੀ ਸਾਹਿਤਕ ਦੇਣ ਨੂੰ ਬਿਆਨ ਕੀਤਾ ਅਤੇ ਇਕ ਗ਼ਜ਼ਲ ਸੁਣਾਈ। ਇਸ ਸਮਾਗਮ ਦਾ ਪ੍ਰਧਾਨਗੀ ਮੰਡਲ ਸੀ—ਸ੍ਰ. ਗੁਰਸ਼ਰਨ ਸਿੰਘ, ਡਾ: ਗੁਰਚਰਨ ਸਿੰਘ, ਸ੍ਰੀ ਪ੍ਰੀਤਮ ਸਿੰਘ ਗੋਰਾਇਆ ਅਤੇ ਪ੍ਰੋ: ਪਿਆਰਾ ਸਿੰਘ ਭੋਗਲ। ਹਰਬੰਸ ਕੌਂਥ ਨੇ ਗੀਤ ਸੁਣਾਇਆ ਅਤੇ ਸ੍ਰੀ ਮਹਿੰਦਰ ਦੋਸਾਂਝ ਨੇ ਆਏ ਸੱਜਣਾਂ ਨੂੰ ਜੀ ਆਇਆਂ ਕਿਹਾ।

ਸਭਾ ਦੇ ਮੁੱਖ ਸਕੱਤਰ ਮੋਹਨ ਦੋਸਾਂਝਵੀ ਨੇ ਸਭਾ ਦੀ ਪਿਛਲੇ ਦਸ ਸਾਲਾਂ ਦੀ ਸਰਗਰਮੀ ਰੀਪੋਰਟ ਦੇ ਕੁਝ ਪੰਨੇ ਪੜ੍ਹ ਕੇ ਸੁਣਾਏ ਅਤੇ ਇਹ ਰੀਪੋਰਟ ਸ੍ਰ: ਰਘਬੀਰ ਸਿੰਘ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਰੀਲੀਜ਼ ਕੀਤੀ। ਇਸ ਦੀ ਇੱਕ ਇੱਕ ਕਾਪੀ ਹਾਜ਼ਰ ਸੱਜਣਾਂ ਨੂੰ ਦਿੱਤੀ ਗਈ।

ਪ੍ਰੋ: ਸ. ਨ. ਸੇਵਕ ਨੇ ਪੇਪਰ ਪੜ੍ਹਿਆ—'ਅਧੁਨਿਕ ਪੰਜਾਬੀ ਨਾਟਕ ਦੇ ਪ੍ਰਮੁੱਖ ਝੁਕਾਅ'। ਇਸ ਪੇਪਰ ਤੇ ਵਿਚਾਰ ਚਰਚਾ ਵਿਚ ਭਾਗ ਲੈਣ ਵਾਲੇ ਸਨ—ਸਰਬ ਸ੍ਰੀ ਸੁਰਿੰਦਰ ਸਿੰਘ ਨਰੂਲਾ, ਗੁਰਸ਼ਰਨ ਸਿੰਘ, ਊਧਮ ਸਿੰਘ ਅਜ਼ਾਦ, ਗੁਰਬਖਸ਼ ਸਿੰਘ ਬੰਨੋਆਣਾ, ਡਾ: ਬਲਵੀਰ ਸਿੰਘ ਪੂਨੀ, ਸਤਨਾਮ ਸਿੰਘ ਮਾਣਕ, ਜਗਜੀਤ ਸਿੰਘ ਅਨੰਦ, ਡਾ: ਬਲਦੇਵ ਰਾਜ ਗੁਪਤਾ, ਪ੍ਰੋ ਪਿਆਰਾ ਸਿੰਘ ਭੋਗਲ, ਪ੍ਰੀਤਮ ਸਿੰਘ ਗੋਰਾਇਆ ਅਤੇ ਡਾ: ਅਜੀਤ ਸਿੰਘ ਸਿੱਕਾ। ਅੰਤ ਵਿਚ ਪ੍ਰੋ: ਸ. ਨ. ਸੇਵਕ ਨੇ ਉਠਾਏ ਗਏ ਨੁਕਤਿਆਂ ਦੇ ਸਪਸ਼ਟੀਕਰਣ ਦਿੱਤੇ। ਜਗ ਰੋਸ਼ਨ ਕੁਮਾਰ ਨੇ ਕਵਿਤਾ ਅਤੇ ਸੰਧੂ ਵਰਿਆਣਵੀ ਨੇ ਗ਼ਜ਼ਲ ਸੁਣਾਈ।

ਪਿਛਲੇ ਸਾਲਾਂ ਵਿਚ ਸਭਾ ਪ੍ਰਤੀ ਵਧੀਆ ਸੇਵਾਵਾਂ ਹਿਤ ਸਭਾ ਦੇ ਮੈਂਬਰ ਹਰਬੰਸ ਕੌਂਥ, ਟੀ. ਆਰ. ਚੋਟ ਅਤੇ ਗੁਰਦਿਆਲ ਸਿੰਘ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ। ਇਹ ਪੱਤਰ ਜਗਜੀਤ ਸਿੰਘ ਅਨੰਦ ਨੇ ਭੇਂਟ ਕੀਤੇ।

ਸਭਾ ਦੇ ਮੈਂਬਰ ਸ੍ਰੀ ਗੁਰਦਿਆਲ ਪੰਜਾਬੀ ਦਾ ਗ਼ਜ਼ਲ ਸੰਗ੍ਰਿਹ 'ਬੌਣੇ ਰੁੱਖ ਲੰਮੇ ਪ੍ਰਛਾਵੇਂ' ਰੀਲੀਜ਼ ਕੀਤਾ ਗਿਆ। ਇਸ ਦੀ ਪਹਿਲੀ ਕਾਪੀ ਡਾ: ਗੁਰਚਰਨ ਸਿੰਘ ਨੂੰ ਭੇਂਟ ਕੀਤੀ ਗਈ।

ਸ੍ਰੀ ਗੁਰਮੀਤ ਪਲਾਹੀ ਨੇ ਦੋ ਮਤੇ ਪੇਸ਼ ਕੀਤੇ ਜੋ ਸਰਬ ਸੰਮਤੀ ਨਾਲ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬੀ ਨੂੰ ਦਫਤਰਾਂ ਵਿਚ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ ਅਤੇ ਪਿੰਡਾਂ ਵਿਚ ਲਾਇਬ੍ਰੇਰੀਆਂ ਖੋਲ੍ਹੀਆਂ ਜਾਣ।

ਡਾ: ਗੁਰਚਰਨ ਸਿੰਘ ਨੇ ਪ੍ਰਧਾਨਗੀ ਮੰਡਲ ਵਲੋਂ ਪ੍ਰਧਾਨਗੀ ਭਾਸ਼ਨ ਦਿੱਤਾ ਅਤੇ ਸ੍ਰੀ ਮਹਿੰਦਰ ਦੋਸਾਂਝ ਨੇ ਆਏ ਸੱਜਣਾਂ ਦਾ ਧੰਨਵਾਦ ਕੀਤਾ। ਪਿੰਡ ਵਾਸੀਆਂ ਵਲੋਂ ਤਿਆਰ ਕੀਤਾ ਹੋਇਆ ਲੰਗਰ ਛਕਿਆ ਗਿਆ। ★

---

# ਗ਼ਜ਼ਲ

**ਹਰਦਿਆਲ ਸਿੰਘ ਰਹਿਬਰ**

ਮੈਂ ਆਪਣੇ ਯਾਰ ਦੀ  
ਹਿਕ ਇਕ ਅਦਾ ਨਾਲ ਪਿਆਰ ਕੀਤਾ ਏ.  
ਮੈਂ ਕੀ ਕੀਤਾ ਏ ਗੁਨਾਹ  
ਜੇ ਹੁਸਨ ਦਾ ਸਤਿਕਾਰ ਕੀਤਾ ਏ।  
ਦਗ਼ਾ ਉਹਨੇ ਦੇ ਦਿਤਾ ਏ,  
ਇਹ ਉਹਦੀ ਖੁਦ ਫਰੇਬੀ ਏ,  
ਇਹ ਮੇਰਾ ਹੋਸਲਾ ਏ,  
ਮੈਂ ਫੇਰ ਵੀ ਇਤਬਾਰ ਕੀਤਾ ਏ।  
ਉਹ ਜਿਊਂਦੇ ਰਹਿਣ,  
ਕੀਤਾ ਏ ਮੈਨੂੰ ਬਦਨਾਮ ਜਿਨ੍ਹਾਂ ਨੇ,  
ਮੈਂ ਹਾਂ ਮਸ਼ਕੂਰ ਓਹਨਾਂ ਦਾ  
ਜਿਨ੍ਹਾਂ ਪਰਚਾਰ ਕੀਤਾ ਏ।  
ਪਿਆਲੇ ਦੀ ਹਰ ਠੀਕਰੀ,  
ਇਤਬਾਰ ਬਣ ਜਾਇਗੀ,  
ਅਕੀਦਤ ਨਾਲ ਕਹਿ ਕੇ  
ਮੈਂ ਪੀਣ ਤੋਂ ਇਨਕਾਰ ਕੀਤਾ ਏ।



Sri Satguru Jagjit Singh Ji Elibrary NamdhariElibrary@gmail.com

# ਵਰਿਆਮ ਨੂੰ ਸਹਿਯੋਗ

ਵਰਿਆਮ ਪ੍ਰਤੀ ਆਪਣਾ ਪਿਆਰ ਜਤਾਉਂਦੇ ਹੋਏ ਵੱਖ ਵੱਖ ਸਮਿਆਂ ਤੇ ਇਸ ਦੇ ਸਨੇਹੀ ਮਾਇਕ ਰੂਪ ਵਿਚ ਸਹਾਇਤਾ ਭੇਜਦੇ ਭਿਜਵਾਂਦੇ ਹਨ। ਉਹਨਾਂ ਦੇ ਪਿਆਰ ਦੀ ਹਿਰਦਿਓਂ ਕਦਰਦਾਨੀ ਕਰਦੇ ਹੋਏ ਧੰਨਵਾਦ ਸਹਿਤ ਇਹ ਸਹਿਯੋਗ ਪ੍ਰਕਾਸ਼ਤ ਕਰਦੇ ਹਾਂ। —ਮੈਨੇਜਰ

**ਸੰਤ ਅਮਰ ਸਿੰਘ ਢੋਡਾ :—** ਆਪ ਜੀ ਨੇ ਆਪਣੇ ਗ੍ਰਹਿ, ਨਾਮਧਾਰੀ ਕਾਲੋਨੀ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਅਖੰਡ ਪਾਠ ਕਰਵਾਇਆ ਆਸਾ ਦੀ ਵਾਰ ਅਤੇ ਭੋਗ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਦਰਸ਼ਨ ਦਿਤੇ। ਲੰਗਰ ਅਤੁਟ ਵਰਤਿਆ। ਵਰਿਆਮ ਵਾਸਤੇ ੨੧/- ਰੁਪਏ ਭੇਟ ਕੀਤੇ।

### ਸ. ਗੁਰਦੇਵ ਸਿੰਘ ਸਰੋਦ ਵਾਦਕ :—

ਸ. ਗੁਰਦੇਵ ਸਿੰਘ ਦੇ ਘਰ ਦੋ ਸਪੁਤਰਾਂ ਤੋਂ ਬਾਅਦ ਕੰਨਿਆ ਸ੍ਰੁਤੀ ਦਾ ਜਨਮ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਕਲਾਕਾਰ ਦੇ ਘਰ ਚਰਨ ਪਾ ਕੇ ਖੁਸ਼ੀਆਂ ਬਖਸ਼ੀਆਂ। ਗੁਰਦੇਵ ਸਿੰਘ ਜੀ ਦੇ ਸਰੋਦ ਦੇ ਗੁਰੂ, ਉਸਤਾਦ ਅਮਜਦ ਅਲੀ ਅਤੇ ਉਹਨਾਂ ਦੀ ਧਰਮਪਤਨੀ ਸ੍ਰੀ ਮਤੀ ਸੁਭਾ ਲਕਸ਼ਮੀ ਵੀ ਘਰ ਵਧਾਈ, ਆਸ਼ੀਰਵਾਦ ਦੇਣ ਗਏ। ਗੁਰਦੇਵ ਸਿੰਘ ਜੀ ਵਲੋਂ ਕੰਨਿਆਂ ਜਨਮ ਦੀ ਖੁਸ਼ੀ ਵਿਚ ੧੧ ਰੁਪਏ ਵਰਿਆਮ ਅਤੇ ੫੧ ਰੁਪਏ ਸ਼ਹੀਦ ਬਿਸ਼ਨ ਸਿੰਘ ਸਕੂਲ ਨੂੰ ਭੇਂਟ ਕੀਤੇ ਗਏ।

### ਨਾਮਧਾਰੀ ਸੰਗਤ ਬੰਬਈ

ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਸਮੇਂ ਭਾਰੀ ਮੇਲਾ ਕੀਤਾ ਗਿਆ। ਵਰਿਆਮ ਵਾਸਤੇ ੨੧ ਰੁਪਏ ਸਹਾਇਤਾ ਸਕਤਰ ਸੰਤ ਹਜ਼ੂਰ ਸਿੰਘ ਗੁਲਾਟੀ ਰਾਹੀਂ ਪੁਜੀ ਹੈ।

### ਸੰਤ ਮਹਿੰਦਰ ਸਿੰਘ ਭਮਰਾ (ਡਬੱਈ ਵਾਲੇ)

ਸੰਤ ਮਹਿੰਦਰ ਭਮਰਾ ਡੁਬੱਈ ਤੋਂ ਭਾਰਤ ਆਏ ਹਨ। ਹੋਲਾ ਮਹੱਲੇ ਸਮੇਂ ਵਿਸ਼ੇਸ਼ ਰੇਲ ਗੱਡੀ ਦੀ ਯਾਤਰਾ, ਹੋਲਾ ਸਮਾਗਮ ਅਤੇ ਗਤੀਵਿਧੀਆਂ ਇਹਨਾਂ ਆਪਣਾ ਵੀਡੀਓ ਰਿਕਾਰਡਰ ਤੇ ਰਿਕਾਰਡ ਕੀਤੀਆਂ ਹਨ। ਆਪਣੇ ਪਿੰਡ ਮੋਰੋਂ (ਜਲੰਧਰ) ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਕਰਵਾਇਆ। ਵਰਿਆਮ ਵਾਸਤੇ ੨੫ ਰੁਪਏ ਦੀ ਸਹਾਇਤਾ ਕੱਢੀ ਗਈ।

### ਸ੍ਰ ਸੂਰਤ ਸਿੰਘ ਅੰਮ੍ਰਿਤਸਰ

ਸ: ਸੂਰਤ ਸਿੰਘ ਜੀ ਦੀ ਬਜ਼ੁਰਗ ਸੱਸ ਬੀਬੀ ਲਛਮੀ ਦੇ ਨਮਿਤ ਸਤਿਗੁਰ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਾਠ ਦਾ ਭੋਗ ਪਾਇਆ ਗਿਆ। ਇਸ ਸਮੇਂ ਸ: ਸੂਰਤ ਸਿੰਘ ਜੀ ਦੇ ਵੱਡੇ ਸਪੁਤਰ ਸ: ਸੁਰਜੀਤ ਸਿੰਘ ਵੀ ਇੰਗਲੈਂਡ ਤੋਂ ਆਏ ਹੋਏ ਸਨ। (ਬੀਬੀ ਲਛਮੀ ਸਰਦਾਰ ਸੁਰਜੀਤ ਸਿੰਘ ਅਤੇ ਸ: ਅਵਤਾਰ ਸਿੰਘ (ਤਬਲਾ ਕਲਾਕਾਰ) ਦੇ ਨਾਨੀ ਜੀ ਸਨ।) ਵਰਿਆਮ ਨੂੰ ਗਿਆਰਾਂ ਰੁਪਏ ਸਹਾਇਤਾ ਦਿਤੀ ਗਈ।

### ਸੰਤ ਅਜੀਤ ਸਿੰਘ ਬਸਤੀ ਭੂਰੇ ਖਾਂ ਜਲੰਧਰ

ਆਪ ਦੇ ਗ੍ਰਹਿ ਵਿਖੇ ਸਾਧਾਰਣ ਪਾਠ ਦਾ ਭੋਗ ਪਾਇਆ ਗਿਆ, ਆਸਾ ਦੀ ਵਾਰ ਦਾ ਕੀਰਤਨ ਹੋਇਆ। ਵਰਿਆਮ ਵਾਸਤੇ ੧੧ ਰੁਪਏ ਕੱਢੇ ਗਏ।

### ਸੰਤ ਹਰਨਾਮ ਸਿੰਘ ਜਲੰਧਰ

ਸੰਤ ਹਰਨਾਮ ਸਿੰਘ ਜੀ ਨੇ ਆਪਣੇ ਗ੍ਰਹਿ ਬਸਤੀ ਭੂਰੇ ਖਾਂ ਜਲੰਧਰ ਵਿਖੇ ਵਰਨੀ ਕਰਵਾਈ ਅਤੇ ਲੰਗਰ ਕੀਤਾ। ਵਰਿਆਮ ਵਾਸਤੇ ੨੧ ਰੁਪਏ ਸਹਾਇਤਾ ਦਿਤੀ ਗਈ।

### ਸੰਤ ਸੁਦਾਗਰ ਸਿੰਘ ਦਿਲੀ

ਰਘੁਬੀਰ ਨਗਰ ਦਿਲੀ ਵਿਖੇ ਸੰਤ ਸੁਦਾਗਰ ਸਿੰਘ ਜੀ ਦੇ ਗ੍ਰਹਿ ਵਿਖੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਉਪਰੰਤ ਗੁਰੂ ਕਾ ਲੰਗਰ ਅਟੁਟ ਵਰਤਿਆ। ਵਰਿਆਮ ਵਾਸਤੇ ੫੧ ਰੁਪਏ ਸਹਾਇਤਾ ਹਿਤ ਕੱਢੇ ਗਏ।

### ਹੋਲਾ ਕਮੇਟੀ ਗੋਲਾ ਗੋਕਰਨ ਨਾਥ

ਨਾਮਧਾਰੀ ਹੋਲੇ ਮਹੱਲੇ ਦਾ ਸਮਾਗਮ ਯੂ. ਪੀ. ਦੇ ਸ਼ਹਿਰ ਗੋਲਾ ਗੋਕਰਨ ਨਾਥ ਵਿਖੇ ਹੋਇਆ। ਹੋਲਾ ਕਮੇਟੀ ਵਲੋਂ ਵਰਿਆਮ ਵਾਸਤੇ ਕੇਵਲ ਇਕ ਸੌ ਰੁਪਏ ਦੀ ਸਹਾਇਤਾ ਕੱਢੀ ਗਈ।

**ਸੂਬਾ ਅਵਤਾਰ ਸਿੰਘ—**ਦੁਆਬੇ ਦੇ ਇਲਾਕੇ ਦੀ ਪ੍ਰਸਿੱਧ ਹਸਤੀ, ਸੂਬਾ ਅਵਤਾਰ ਸਿੰਘ ਜੀ ਦੇ ਪਿਤਾ ਜੀ ਪਿਛਲੇ ਦਿਨੀਂ ਚੜਾਈ ਕਰ ਗਏ ਸਨ ਉਹਨਾਂ ਦੀ ਜੀਵ ਆਤਮਾ ਨਮਿਤ ਰਖੇ ਪਾਠ ਦੇ ਭੋਗ ਦੇ ਅਵਸਰ ਤੇ ਇਕੀ ਰੁਪਏ ਵਰਿਆਮ ਨੂੰ ਸਹਾਇਤਾ ਹਿਤ ਦਿਤੇ ਗਏ।

**ਸ: ਰਣਜੀਤ ਸਿੰਘ ਬਾਜਵਾ (ਕੈਨੇਡਾ ਵਾਲੇ)** ਜੀ ਨੇ ਆਪਣੇ ਪਿੰਡ ਭੱਟੀਆਂ ਨਜ਼ਦੀਕ ਮੁਕੇਰੀਆਂ ਵਿਖੇ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਦਾ ਮੇਲਾ ਕਰਵਾਇਆ। ਵਰਿਆਮ ਵਾਸਤੇ ਇਕੀ ਰੁਪਏ ਸਹਾਇਤਾ ਸੰਤ ਦਿਆਲ ਸਿੰਘ ਜੀ ਰਾਹੀਂ ਪ੍ਰਾਪਤ ਹੋਈ ਹੈ।

**ਜੰਮੂ ਦੀ ਨਾਮਧਾਰੀ ਸਾਧ ਸੰਗਤ ਵਲੋਂ**—ਅੰਮ੍ਰਿਤਸਰ ਨਾਮਧਾਰੀ ਧਰਮਸਾਲਾ ਵਿਖੇ ਸਾਲਾਨਾ ਵਸਾਖੀ ਦਾ ਮੇਲਾ ਕਰਵਾਇਆ ਗਿਆ। ਇਸ ਅਵਸਰ ਤੇ ਇਕ ਸੌ ਇਕ ਰੁਪਿਆ ਵਰਿਆਮ ਵਾਸਤੇ ਭੇਂਟ ਕੀਤਾ ਗਿਆ।

**ਸ: ਭਗਤ ਸਿੰਘ ਮੌਲੀ ਬੈਦਵਾਲ**—ਵਰਿਆਮ ਦੇ ਪਰਮ ਸਹਿਯੋਗ ਸ: ਭਗਤ ਸਿੰਘ ਜੀ ਨੇ ਆਪਣੇ ਪਿੰਡ ਮੌਲੀ ਬੈਦਵਾਲ(ਨੇੜੇ ਚੰਡੀਗੜ੍ਹ) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ ਮੇਲਾ ਕਰਵਾਇਆ। ਅਖੰਡ ਪਾਠ ਦਾ ਭੋਗ ਅਤੇ ਕੀਰਤਨ ਦਾ ਪ੍ਰੋਗਰਾਮ ਚਲਿਆ। ਵਰਿਆਮ ਵਾਸਤੇ ਇਕੀ ਰੁਪਏ ਸੰਤ ਦਿਆਲ ਸਿੰਘ ਰਾਹੀਂ ਪੁਜੇ ਹਨ।

**ਸ. ਸੂਰਤ ਸਿੰਘ ਜਲੰਧਰ**—ਨੇ ਆਪਣੇ ਗ੍ਰਿਹ ਜੋੜਾ ਪੁਲ ਜਲੰਧਰ ਵਿੱਖੇ ਦੀਵਾਨ ਲਵਾਇਆ। ਜਥੇਦਾਰ ਹਜ਼ਾਰਾ ਸਿੰਘ, ਜਥੇਦਾਰ ਅਵਤਾਰ ਸਿੰਘ ਅਤੇ ਜਥੇਦਾਰ ਨੱਥਾ ਸਿੰਘ ਹੋਰਾਂ ਕੀਰਤਨ ਕੀਤਾ। ਗਿਆਰਾਂ ਰੁਪਏ ਵਰਿਆਮ ਵਾਸਤੇ ਸਹਾਇਤ ਦਿਤੀ ਗਈ।

**ਸੰਤ ਉਜਾਗਰ ਸਿੰਘ ਜਲੰਧਰ** ਵਾਲਿਆਂ ਆਪਣੇ ਗ੍ਰਿਹ ਜੋੜਾ ਪੁਲ ਵਿਖੇ ਜਥੇਦਾਰ ਗਿਆਨ ਸਿੰਘ ਜੀ ਵੀਰੋਕਿਆਂ ਵਾਲਿਆਂ ਦਾ ਦੀਵਾਨ ਲਗਵਾਇਆ। ਇਸ ਅਵਸਰ ਤੇ ਵਰਿਆਮ ਵਾਸਤੇ ਗਿਆਰਾਂ ਰੁਪਏ ਸਹਾਇਤਾ ਕੱਢੀ ਗਈ।

**ਸੰਤ ਪੂਰਨ ਸਿੰਘ ਜਲੰਧਰ**—ਮਹੱਲਾ ਕਰਾੜ ਖਾਂ ਵਾਲਿਆਂ ਆਪਣੇ ਨਵੇਂ ਮਕਾਨ ਵਿਚ ਜਥੇਦਾਰ ਗਿਆਨ ਸਿੰਘ ਜੀ ਦਾ ਦੀਵਾਨ ਲਗਵਾਇਆ ਇਸ ਅਵਸਰ ਤੇ ਵਰਿਆਮ ਵਾਸਤੇ ਗਿਆਰਾਂ ਰੁਪਏ ਸਹਿਯੋਗ ਵਜੋਂ ਭੇਟਾ ਕੀਤੇ ਗਏ!

**ਸੇਠ ਬਲਵੰਤ ਸਿੰਘ ਜੀ ਡਾਲਟੇਨ ਗੰਜ**—ਵਾਲਿਆਂ ਡਾਕਟਨ ਗੰਜ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਹਜ਼ੂਰੀ ਵਿਚ ਮੇਲਾ ਕਰਵਾਇਆ। ਹਜ਼ੂਰੀ ਕੀਰਤਨ, ਹੱਲੇ ਦੇ ਦੀਵਾਨ ਅਤੇ ਆਸਾ ਦੀ ਵਾਰ ਦੇ ਕੀਰਤਨ ਹੋਏ। ਵਰਿਆਮ ਵਾਸਤੇ ਇਕ ਸੌ ਰੁਪਿਆ ਸੰਤ ਦਿਆਲ ਸਿੰਘ ਰਾਹੀਂ ਸਹਾਇਤਾ ਭੇਜੀ ਗਈ।

**ਸ: ਗੋਪਾਲ ਸਿੰਘ (ਪਨਵਾਂ ਵਾਲੇ) ਜਲੰਧਰ**—ਸ: ਗੋਪਾਲ ਸਿੰਘ ਜੀ ਦੇ ਪਰਿਵਾਰ ਸ: ਬਲਬੀਰ ਸਿੰਘ, ਜੁਗਿੰਦਰ ਸਿੰਘ, ਅਮਰੀਕ ਸਿੰਘ ਵਲੋਂ ਆਪਣੇ ਗ੍ਰਿਹ ਜੋੜਾ ਪੁਲ ਜਲੰਧਰ ਵਿਖੇ ਸ: ਜੁਗਿੰਦਰ ਸਿੰਘ ਦੇ ਘਰ ਸਪੁਤਰ ਗੁਰਵਿੰਦਰ ਸਿੰਘ ਦੇ ਜਨਮ ਦੀ ਖੁਸ਼ੀ ਵਿਚ ਜਥੇਦਾਰ ਗਿਆਨ ਸਿੰਘ ਜੀ ਦਾ ਦੀਵਾਨ ਲਗਵਾਇਆ, ਵਰਿਆਮ ਵਾਸਤੇ ਗਿਆਰਾਂ ਰੁਪਏ ਦੀ ਸਹਾਇਆ ਦਿਤੀ ਗਈ। ★

---

(ਸਫਾ ੨੯ ਦੀ ਬਾਕੀ)

ਜਾਵੇਗਾ।

੨. ਇਕ ਤੋਂ ਵਧ ਸ਼ਾਦੀਆਂ ਕਰਨ ਵਾਲਿਆਂ ਨੂੰ ਕਈ ਵਾਰ ਸੋਚਣਾ ਪਵੇਗਾ।

੩. Divorce ਛੱਡ ਛਡਾਵਾ ਕਰਨ ਲਗਿਆ ਵੀ ਆਦਮੀ ਨੂੰ ਕਈ ਵਾਰ ਸੋਚਣਾ ਪਵੇਗਾ ਅਤੇ ਔਰਤ ਨੂੰ ਜਾਇਦਾਦ ਤੋਂ ਵਾਂਝੇ ਹੋਣਾ ਪਵੇਗਾ।

੪. ਸਟੋਵ ਨਾਲ ਸੜ ਮਰਨ ਦਾ ਨੌ ਬਿਆਹਤਾ ਦਾ ਰਿਵਾਜ ਘਟ ਹੀ ਨਹੀਂ ਜਾਏਗਾ ਬਲਕਿ ਖਤਮ ਹੋ ਜਾਏਗਾ।

ਮੈਂ ਆਪਣੀ ਨੂੰਹ ਦੇ ਨਾਲ ਇਕ ਪੈਸੇ ਦੀ ਚੀਜ਼ ਨਹੀਂ ਲਈ ਅਤੇ ਉਸਨੂੰ ਆਪਣੀ ਫਰਮ ਦਾ ਹਿੱਸੇਦਾਰ ਬਣਾ ਦਿਤਾ ਪਰ ਅਫਸੋਸ ਕਿ ਡਾਇਰੈਕਟਰ ਆਫ ਇੰਡਸਟਰੀਜ਼ ਨੇ ਉਸ ਨੂੰ ਹਿਸੇਦਾਰ ਮੰਨਣ ਤੋਂ ਨਾਂਹ ਕਰ ਦਿਤੀ ਕਿਉਂ ਜੋ ਉਹ ਮੇਰੀ Blood relation ਨਹੀਂ ਸਗੋਂ ਮੇਰੀ (Registration as SSI Councel ਕਰ ਦਿਤੀ।

ਖ਼ਾਸ ਜੋਗਿੰਦਰ ਸਿੰਘ ਢਿਲੋਂ

(ਸਫਾ ੮ ਦੀ ਬਾਕੀ)

ਲੱਗੀ ਕਿ ਦੁਨੀਆਂ ਦਾ ਤੁਰਨਾ ਰੁੱਕ ਗਿਆ।

ਹੋਲੇ ਸਮੇਂ ਵਰਤਦੇ ਸਦਾ ਵਰਤ ਲੰਗਰ ਨੇ ਵੀ ਸਥਾਨਕ ਨਿਵਾਸੀਆਂ ਤੇ ਬਹੁਤ ਪਰਭਾਵ ਪਾਇਆ। ਦਿਨ ਰਾਤ ਨਿਰੰਤਰ ਲੰਗਰ ਚਲਦਾ ਰਿਹਾ ਅਤੇ ਬਗੈਰ ਵਿਤਕਰੇ ਦੇ ਸਭ ਨੂੰ ਪਰਸ਼ਾਦਾ ਮਿਲਦਾ ਰਿਹਾ। ੧੧ ਮਾਰਚ ਕੜਾਹ ਪ੍ਰਸਾਦਿ ਨੂੰ ਸਵੇਰ ਤੋਂ ਸ਼ਾਮ ਤਕ ਦੇਸੀ ਘਿਓ ਦੇ ਖੁਲੇ ਗੱਫੇ ਪ੍ਰਾਪਤ ਕਰਕੇ ਤਾਂ ਲੋਕ ਹੋਰ ਵੀ ਧਨ ਧਨ ਕਰ ਰਹੇ ਸਨ। ਇਸ ਸਮੇਂ ਸਤਿਗੁਰੂ ਜੀ ਦੇ ਮਹਿਲ ਮਾਤਾ ਚੰਦ ਕੌਰ ਜੀ ਅਤੇ ਸ੍ਰੀ ਮਹਾਰਾਜ ਜੀ ਦੇ ਮਹਿਲ ਮਾਤਾ ਦਲੀਪ ਕੌਰ ਜੀ ਖੁਦ ਲੰਗਰ ਪਕਾਉਣ ਦੀ ਸੇਵਾ ਵਿਚ ਵਿਅਸਤ ਰਹੇ ਅਤੇ ਆਈਆਂ ਨਾਮਧਾਰੀ ਸੰਗਤਾਂ ਤੋਂ ਕਿਤੇ ਵਧ ਲੰਗਰ ਅਭਿਲਾਸ਼ੀਆਂ ਦੀ ਲੋੜ ਨੂੰ ਪੂਰਾ ਕਰਦੇ ਰਹੇ। ★



Sri Satguru Jagjit Singh Ji Elibrary NamdhariElibrary@gmail.com

*WITH BEST COMPLIMENTS FROM :*

# *Harbhajan Sarbjeet & Associates*

*CIVIL ENGINEERING CONTRACTORS*

*Head office :*
*562/6 Ramgarh Colony*
*Kanpur Road, LUCKNOW-5 (U.P.)*
*Phone : 51510.*

*Administrative office :*
*2, S B H officers colony*
*Jalna Road,*
*AURANGABAD-431001*
*(Maharashtra)*
*Phone : 3587.*

**Works in Hand :**

Construction of Paithan Right bank Canal
Jayakwadi Project
AURANGABAD (M.S.)
Costing Rs. 3 20 Crores

Construction of Central Railways Project in between Karjat & Lonavala (Bombay)
Costing Rs. 1.13 Crores

Construction of Waranga Tunnel 2.5 km long & Canal Works on Upper Penganga Project
NANDED (M.S.)
Costing Rs. 4.50 Crores

Registered NW/JA—97 MONTHLY WARIAM May, 1
Registered with the registrar of News Papers for India No. 26453/75


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

# ਅਸ਼ੋਕਾ ਬਿਸਕੁਟ




PHONES 565693
212667

ਵਪਾਰਕ ਜਾਣਕਾਰੀ ਲਈ ਸੰਪਰਕ:

**Sri Hari Partap Trading Centre**
**6-7 A SAROJANI PARK, SHASTRI NAGAR, DELHI-31**

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ ਹੈਦਰਾਬਾਦ (ਏ.ਪੀ.)


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jullundur-144001.

Sri Satguru Jagjit Singh Ji Elibrary NamdhariElibrary@gmail.com